# ਗ਼ਮਾਂ ਦੀ ਲੋਰੀ

# ਗ਼ਮਾਂ ਦੀ ਲੋਰੀ

— ਗ਼ਜ਼ਲ ਸੰਗ੍ਰਹਿ —

**ਅਸ਼ੋਕ ਰਾਹੀ**

*Poetry / Punjabi Poetry/ Gazal*

# Gamaan Di Lori

*by*

**Ashok Rahi**
VPO: Talwara, Teh: Nangal Dam, Distt. Ropar (PB.)
Mob: 94174-08699

2008
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2008*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ





ਅਧ-ਉਮਰੇ ਸਾਥ ਛੱਡ ਗਈ ਧਰਮ ਪਤਨੀ ਕਾਂਤਾ ਦੇਵੀ

ਅਤੇ

ਭਰ-ਜਵਾਨੀ ਵਿਚ ਵਿਛੋੜਾ ਦੇ ਗਈ ਹੋਣਹਾਰ ਧੀ ਪੂਜਾ ਨੂੰ

ਖ਼ੂਨ ਬਣ ਕੇ ਵਹਿ ਪਿਆ ਅੱਖਾਂ 'ਚੋਂ ਨੀਰ,
ਉਸਦੀਆਂ ਜਦ ਵੀ ਮੈਂ ਗੱਲਾਂ ਤੋਰੀਆਂ।
ਗ਼ਮ ਨਹੀਂ ਕਿ ਗ਼ਮ ਹੀ ਗ਼ਮ ਦਿੱਤੇ ਨੇ ਉਸ,
ਦੇਂਦੀਆਂ ਧਰਵਾਸ, ਗ਼ਮ ਦੀਆਂ ਲੋਰੀਆਂ।
'ਰਾਹੀ'

# ਅਸ਼ੋਕ ਰਾਹੀ ਇਕ ਫੌਜੀ . . .ਇਕ ਸ਼ਾਇਰ

ਭਾਰਤੀ ਫੌਜ ਦੀ ਤਕਰੀਬਨ 30 ਸਾਲ ਸੇਵਾ ਨਿਭਾ ਕੇ ਅਸ਼ੋਕ ਰਾਹੀ ਨੇ 2002 ਵਿਚ ਸੂਬੇਦਾਰੀ ਪੈਨਸ਼ਨ ਲੈ ਨੰਗਲ ਦੀ ਬਗਲ ਵਿਚ ਤੇ ਪਹਾੜਾਂ ਦੀ ਗੁਠ ਵਿਚ ਘੁਗ ਵੱਸੇ ਅਪਣੇ ਪਿੰਡ ਤਲਵਾੜਾ ਵਿਖੇ ਆਪਣੇ ਜੱਦੀ ਘਰ ਆ ਡੇਰੇ ਲਾਏ ਹਨ ! ਇਹ ਇਤਫਾਕ ਦੀ ਹੀ ਗੱਲ ਹੈ ਕਿ ਮੈਂ ਅਪਣੀ ਸਰਵਿਸ ਤੋਂ ਰਿਟਾਇਰ ਹੋਣ ਤੋਂ ਪਹਿਲਾਂ ਹੀ ਇਹਨਾਂ ਦੇ ਪਿੰਡ ਦੇ ਬਸੀਵੇਂ ਵਿਚ ਥਾਂ ਲੈ ਕੇ ਮਕਾਨ ਬਣਾ ਲਿਆ ਤੇ ਨੰਗਲ ਸ਼ਹਿਰ ਵਿਚ ਰਹਿੰਦੇ ਹੋਏ ਇਕ ਤਰ੍ਹਾਂ ਨਾਲ ਪਿੰਡ ਤਲਵਾੜੇ ਦਾ ਵਸਨੀਕ ਬਣ ਗਿਆ। ਅਸੀਂ ਇਕ ਦੂਜੇ ਨੂੰ ਪਿਛਲੇ 20-25 ਸਾਲ ਤੋਂ ਜਾਣਦੇ ਸਾਂ ਪਰ ਨੇੜਤਾ ਰਾਹੀ ਦੇ ਰਿਟਾਇਰ ਹੋ ਕੇ ਆਣ ਤੋਂ ਬਾਦ ਤੇ ਮੇਰੇ ਇੱਥੇ ਮਕਾਨ ਪਾਣ ਉਪਰੰਤ ਹੀ ਵਧੀ ਜੋ ਹਰ ਲਮਹਾ ਗੁਜਰਣ ਦੇ ਨਾਲ ਹੋਰ ਵਧੀ ਹੈ ਤੇ ਹੁਣ ਗੁਰੂ-ਚੇਲੇ ਵਿਚ ਵੱਟ ਗਈ ਹੈ।

ਫੌਜ ਦੀ ਨੌਕਰੀ ਹੋਣ ਕਰਕੇ ਰਾਹੀ ਨੇ ਸਮੁੱਚੇ ਹਿੰਦੁਸਤਾਨ ਦਾ ਭਰਮਣ ਕੀਤਾ ਹੈ। ਫੌਜ ਦੀ ਬੋਲੀ ਅਕਸਰ ਹੋਰ ਤਰ੍ਹਾਂ ਦੀ ਹੀ ਹੁੰਦੀ ਹੈ। ਜਿਵੇਂ ਸਾਡੇ ਲੋਕ ਯੋਰਪ ਦੇ ਦੇਸ਼ਾਂ ਵਿਚ ਜਾ ਕੇ ਰਲੀ ਮਿਲੀ ਇੰਗਲਿਸ਼ ਬੋਲਦੇ ਹਨ ਤਿਵੇਂ ਹੀ ਫੌਜ ਵਿਚ ਵੀ ਅਕਸਰ ਰਲੀ ਮਿਲੀ ਹਿੰਦੀ ਬੋਲੀ ਜਾਂਦੀ ਹੈ। ਲੇਕਿਨ ਰਾਹੀ ਨੇ ਨਾ ਤਾਂ ਫੌਜ ਵਿਚ ਕੇਂਦਰੀ ਹਿੰਦੀ ਨੂੰ ਛੱਡਿਆ ਹੈ ਅਤੇ ਨਾ ਹੀ ਅਪਣੇ ਪਿੰਡ ਛੁੱਟੀ ਆ ਕੇ ਆਪਣੀ ਮਾਂ-ਬੋਲੀ ਪੰਜਾਬੀ ਨੂੰ। ਪਰ ਫੌਜੀ ਜੀਵਨ ਵਿਚ ਹਿੰਦੁਸਤਾਨ ਦੇ ਵੱਖ-ਵੱਖ ਸੂਬਿਆਂ ਵਿਚ ਰਹਿਣ ਕਰਕੇ ਹਿੰਦੀ ਅਤੇ ਉਰਦੂ ਜਬਾਨ ਵਿਚ ਉਹ ਮੁਹਾਰਤ ਹੋਈ ਕਿ ਇਹਨੇ ਹਿੰਦੀ ਲਿਪੀ ਅਤੇ ਉਰਦੂ ਜਬਾਨ ਵਿਚ ਹਰ ਤਰ੍ਹਾਂ ਦਾ ਵਿਸ਼ਾ ਲੈਕੇ ਉਹ ਕਵਿਤਾਵਾਂ, ਗ਼ਜ਼ਲਾਂ ਤੇ ਗੀਤ ਲਿਖੇ ਜਿਹੜੇ ਬੇਹੱਦ ਪ੍ਰਭਾਵਸ਼ਾਲੀ, ਦਿਲਕਸ਼ ਤੇ ਸਦੀਵੀ ਲੱਜਤ ਛੱਡਣ ਵਾਲੇ ਹੋ ਨਿਬੜੇ ਜਿਹਨਾਂ ਨੂੰ ਵਾਰ ਵਾਰ ਪੜ੍ਹਣ ਸੁਣਨ ਨੂੰ ਮਨ ਲੋਚਦਾ ਹੈ।

ਫੌਜੀ ਨੌਕਰੀ ਵਿਚ ਰਾਹੀ ਦੇ ਛੁੱਟੀ ਆਣ ਵੇਲੇ ਕਦੇ-ਕਦਾਈਂ ਹੀ ਮੇਲ ਹੁੰਦਾ ਸੀ ਲੇਕਿਨ ਫੌਜ ਦੀ ਨੌਕਰੀ ਤੋਂ ਰਿਟਾਰਿਮੈਂਟ ਬਾਦ ਸਾਡਾ ਮੇਲ-ਜੋਲ ਵਧਦਾ ਗਿਆ। ਰਾਹੀ ਮੇਰੇ ਨਾਲ ਨੰਗਲ ਅਤੇ ਆਸੇ-ਪਾਸੇ ਹੁੰਦੀਆਂ ਮਹਿਫਿਲਾਂ ਵਿਚ ਵੀ ਜਾਣ ਲਗ ਪਿਆ। ਇਸਦਾ ਅਸਰ ਇਹ ਹੋਇਆ ਕਿ ਇਹ ਅਪਣੀ ਮਾਂ-ਬੋਲੀ ਵਲ ਆ ਮੁੜਿਆ ਤੇ ਪੰਜਾਬੀ ਵਿਚ ਗੀਤ-ਗ਼ਜ਼ਲਾਂ ਕਹਿਣ ਲਗ ਪਿਆ। ਜਿਵੇਂ ਕੋਈ ਬੰਨ ਟੁੱਟ ਜਾਂਦਾ ਹੁੰਦਾ ਹੈ, ਰਾਹੀ ਦੇ ਲਿਖਣ ਦੀ ਸਪੀਡ ਵੀ ਵੇਖਣ ਵਾਲੀ ਸੀ। ਕਈ ਕਈ ਗ਼ਜ਼ਲਾਂ ਇੱਕੋ ਦਿਨ ਵਿਚ ਲਿਖ ਦੇਣਾ ਰਾਹੀ ਦੀ ਰੂਟੀਨ ਬਣ ਗਈ ਤੇ ਦਿਨਾਂ ਵਿਚ ਹੀ ਇਕ

ਪੁਸਤਕ ਤੋਂ ਵੀ ਵਧ ਗ਼ਜ਼ਲਾਂ ਹੋਂਦ ਵਿਚ ਆ ਗਈਆਂ।

ਰਾਹੀ ਨੂੰ ਅਪਨੀ ਭਾਸ਼ਾ ਤੇ ਪੂਰਣ ਅਧਿਕਾਰ ਹੈ। ਵਿਸ਼ਾ ਭਾਵੇਂ ਕੋਈ ਵੀ ਰਿਹਾ ਹੈ, ਇਹ ਮਾਮੂਲੀ ਤੋਂ ਮਾਮੂਲੀ ਗੱਲ ਨੂੰ ਵੀ ਨਿਹਾਇਤ ਢੁੱਕਵੇਂ ਢੰਗ ਨਾਲ ਪੇਸ਼ ਕਰਨ ਦੀ ਸਾਲੀਅਤ ਰਖਦਾ ਹੈ। ਗੰਭੀਰ ਵਿਸ਼ਿਆਂ ਤੇ ਲਿਖੀਆਂ ਇਸ ਦੀਆਂ ਗ਼ਜ਼ਲਾਂ ਬਹੁਤ ਸਰਲ, ਲਜੀਜ ਅਤੇ ਰਸੀਲੀਆਂ ਹੋ ਨਿਬੜਦੀਆਂ ਹਨ। ਰਾਹੀ ਦੇ ਸ਼ਿਅਰਾਂ ਵਿਚ ਬੁਲੰਦ ਖਿਆਲ ਅਤੇ ਬਿਆਨ-ਢੰਗ ਨਾਲ ਨਾਲ ਚਲਦੇ ਹਨ ਜਿਹਨਾਂ ਵਿਚ ਲੋਹੜੇ ਦੀ ਸਰਲਤਾ, ਮੌਲਿਕਤਾ, ਸੂਖਮਤਾ ਤੇ ਨਜਾਤਕਤਾ, ਆਮ ਵੇਖੀ ਜਾ ਸਕਦੀ ਹੈ:-

ਵਾਅਦੇ ਤੇਰੇ, ਗੁੜ ਤੋਂ ਮਿੱਠੇ,
ਨਖਰੇ ਤੇਰੇ ਖੰਡ ਪਤਾਸੇ।
'ਰਾਹੀ' ਵਰਗਾ ਮਿਲੂ ਨਾ ਕੋਈ,
ਲਭ ਲੈ ਬੇਸ਼ਕ, ਆਸੇ ਪਾਸੇ।

- 0 -

ਸੱਪ-ਸੀੜੀ ਦਾ ਖੇਲ ਹੈ ਜੀਵਨ।
ਦੁਖ ਤੇ ਸੁੱਖ ਦਾ ਮੇਲ ਹੈ ਜੀਵਨ।
ਦਿਲ ਮਿਲ ਜਾਣ, ਸਵਰਗ ਹੈ ਵਰਨਾ,
ਜੀਵਨ ਭਰ ਦੀ ਜੇਲ ਹੈ ਜੀਵਨ।

- 0 -

ਰਾਹੀ ਦਾ ਪਿੰਡ ਬੇਸ਼ਕ ਹੁਣ ਦੇ ਪੰਜਾਬ ਵਿਚ ਹਿਮਾਚਲ ਦੇ ਨਾਲ ਲਗਦੀ ਇਕ ਗੁੱਠ ਵਿਚ ਹੈ ਪਰ ਇੱਥੋਂ ਦੇ ਲੋਕਾਂ ਦੀ ਭਾਸ਼ਾ ਪੰਜਾਬੀ ਹੈ। ਲੋਕੀਂ ਠੇਠ ਪੰਜਾਬੀ ਵਿਚ ਹੀ ਗੱਲ ਕਰਦੇ ਹਨ। ਰਾਹੀ ਦੀ ਪੰਜਾਬੀ ਵੀ ਠੇਠ ਹੈ। ਜੇ ਮੈਂ ਇਹ ਕਹਿ ਲਵਾਂ ਕਿ ਰਾਹੀ ਪੰਜਾਬੀ ਦੇ ਅਨੂਠੇ ਸ਼ਬਦਾਂ ਦੀ ਡਿਸ਼ਕਨਰੀ ਹੈ ਤਾਂ ਅਤਕਥਨੀ ਨਹੀਂ ਹੋਵੇ ਗੀ। ਸਾਡੇ ਅਜ ਦੇ ਸਕਾਲਰਾਂ ਨੂੰ ਵੀ ਉਹਨਾਂ ਸ਼ਬਦਾਂ ਦੇ ਮਾਅਨੇ ਨਹੀਂ ਆਉਂਦੇ ਹੋਣੇ ਜਿਹੜੇ ਰਾਹੀ ਨੇ ਬੜੀ ਸਰਲਤਾ ਨਾਲ ਆਪਣੀਆਂ ਗ਼ਜ਼ਲਾਂ ਵਿਚ ਵਰਤੇ ਹਨ :-

ਅੰਨਦਾਤਾ ਬਣ ਬੈਠਾ ਬਣੀਆਂ,
ਭੁੱਖਾ ਜਿਸਨੇ ਧਰਤ ਕਰੋਲੀ।

ਟਾਪ-ਜੀਨ ਦੀ 'ਨੇਰੀ ਅੰਦਰ,
ਹਵਾ ਹੋ ਗਏ ਘਗਰਾ-ਚੋਲੀ।

- 0 -

ਵਿਸਰ ਗਏ ਸਭ, ਵਿਰਸਾ ਅਪਣਾ,
ਸਾਲੂ, ਸੂਭਰ, ਸੱਗੀ, ਰੀੜ੍ਹਾ।

ਭੁੱਲ ਬੈਠੀ ਹੈ ਅਜ ਦੀ ਪੀੜੀ,
ਚਰਖਾ, ਚੱਕੀ, ਬੇਲਣ, ਪੀੜ੍ਹਾ।

- 0 -

ਰਾਹੀ ਕੋਲ ਮੁਹਾਵਰਿਆਂ ਅਤੇ ਲਕੋਕਤੀਆਂ ਦਾ ਭੰਡਾਰ ਹੈ। ਤਕਰੀਬਨ ਹਰ ਗ਼ਜ਼ਲ ਵਿਚ ਇਹਨਾਂ ਮੁਹਾਵਰਿਆਂ ਜਾਂ ਲਕੋਕਤੀਆਂ ਨੂੰ ਇੰਨੀ ਸਰਲਤਾ, ਸੁਚੱਜਤਾ, ਵਿਲੱਖਣਤਾ ਅਤੇ ਮੌਲਿਕਤਾ ਨਾਲ ਜੜਿਆ ਹੈ ਕਿ ਸੁਣਕੇ ਤੇ ਪੜ੍ਹ ਕੇ ਤਾਰੀਫ ਕਰਨੀ ਬਣਦੀ ਹੀ ਹੈ।

ਦੂਜੇ ਵਿਆਹ ਦੀ ਖਾਏ ਮਰੋੜਾ।
ਬਣਕੇ ਰਹਿੰਦੀ 'ਤਲੀ ਦਾ ਫੋੜਾ'।

ਹਰ ਮਰਿਆਦਾ ਔਰਤ ਲਈ ਹੈ,
ਮਰਦ ਹੈ 'ਬੇ-ਲਗਾਮ ਦਾ ਘੋੜਾ'।

- 0 -

ਕਹਿ ਗਏ ਸੱਚ ਇਹ ਸੁਘੜ ਸਿਆਣੇ।
ਖਰੇ-ਬੁਰੇ ਦਿਨ ਆਣੇ ਜਾਣੇ।

ਜਿੰਨੀ ਪ੍ਰਾਣ, ਪਵੇ ਤਾਂ ਚੰਗੀ,
ਪੁਸਤਕ, ਦਾਰੂ, ਮੀਤ-ਪੁਰਾਣੇ।

- 0 -

ਰਾਹੀ ਦੀ ਸੋਚ ਪ੍ਰਗਤੀਵਾਦੀ ਅਤੇ ਮਾਨਵ-ਵਾਦੀ ਹੈ। ਇਹਦਾ ਕਲਾਮ ਸ਼ਿਅਰ-ਦਰ-ਸ਼ਿਅਰ ਦੰਭੀ ਲੋਕਾਂ ਦੇ ਪਰਦੇ ਫਾਸ਼ ਕਰਦਾ ਹੈ ਅਤੇ ਆਮ ਜੀਵਨ ਵਿਚ ਆ ਰਹੀਆਂ ਪ੍ਰੇਸ਼ਾਨੀਆਂ ਨੂੰ ਵਧ ਰਹੇ ਭਰਿਸ਼ਟਾਚਾਰ ਨੂੰ, ਆਰਥਿਕ ਮੰਦਹਾਲੀ ਨੂੰ ਅਤੇ ਤਿੜਕ ਰਹੀਆਂ ਆਪਸੀ ਸਾਂਝਾਂ ਨੂੰ ਕਲਾਮਈ ਢੰਗ ਨਾਲ ਦਰਸਾਉਂਦਾ ਹੈ।

ਇੱਜ਼ਤ ਮੰਗਣ, ਰਤਾ ਨਾ ਸੰਗਣ, ਦੋ ਟੁੱਕ ਦੀ ਰਾਹਤ ਬਦਲੇ,
ਡਰਦੀ ਡਰਦੀ ਸ਼ਿਕਵਾ ਕਰਦੀ, ਝੌਂਪੜੀਆਂ ਦੇ ਵਾਸੀ ਹਾਂ।
ਪੈਸੇ ਵੰਡੇ, ਮਾਰ ਕੇ ਡੰਡੇ, ਧੂ ਕੇ ਲੈ ਗਏ ਥਾਣੇ ਨੂੰ,
ਖਾਕੀ ਵਰਦੀ, ਧੱਕਾ ਕਰਦੀ, ਝੌਂਪੜੀਆਂ ਦੇ ਵਾਸੀ ਹਾਂ।

- 0 -

ਅੱਖ, ਕੰਨ ਬੰਦ ਤੇ ਬੁੱਲੀਂ ਤਾਲੇ।
ਜਾਬਰ ਦੇ ਨੇ ਹੁਕਮ ਨਿਰਾਲੇ।

ਮੰਤਰੀਆਂ ਤੋਂ ਵਧ ਜੋਰਾਵਰ,
ਭਾਈ-ਭਤੀਜੇ, ਜੀਜੇ-ਸਾਲੇ।

- 0 -

ਅਜ਼ਬ ਰੀਤ ਹੈ ਤੇਰੇ ਸ਼ਹਿਰ ਦੀ,
ਲੁੱਟਦੈ, ਜੋ ਵੀ ਰਾਹ ਦਿਖਾਵੇ।

ਮਾਂ-ਬਾਪ ਰੋਟੀ ਨੂੰ ਤਰਸਣ,
ਪੁੱਤਰ ਥਾਂ ਥਾਂ ਲੰਗਰ ਲਾਵੇ।

- 0 -

ਰਾਹੀ ਨੇ ਜਿਆਦਾਤਰ ਛੋਟੀ ਬਹਿਰ ਵਿਚ ਹੀ ਗ਼ਜ਼ਲਾਂ ਲਿਖੀਆਂ ਹਨ ਪਰ ਛੋਟੀ ਬਹਿਰ ਹੁੰਦਿਆਂ ਵੀ ਬਹੁਤ ਹੀ ਪਿਆਰੇ ਅਤੇ ਸਦੀਵੀ ਯਾਦ ਰੱਖਣ ਵਾਲੇ ਖਿਆਲ ਇਹਨਾਂ ਵਿਚ ਮੁੰਦਰੀਂ ਵਿਚ ਨਗੀਨੇ ਵਾਂਗ ਜੜੇ ਹਨ। ਹੋ ਸਕਦਾ ਹੈ ਅਰੂਜ ਪੱਖੋਂ ਇਸ ਪੁਸਤਕ ਵਿਚ ਕੁਝ ਗਲਤੀਆਂ ਤਰੁਟੀਆਂ ਹੋਣ ਪਰ ਕਿਉਂਕਿ ਰਾਹੀ ਦੀ ਇਹ ਪਹਿਲੀ ਪੁਸਤਕ ਹੈ, ਇਸ ਲਈ ਜੋ ਵੀ ਗਲਤੀਆਂ ਜਾਂ ਤਰੁਟੀਆਂ ਹਨ, ਉਹਨਾਂ ਨੂੰ ਨਜ਼ਰ-ਅੰਦਾਜ ਕਰਨਾ ਸਾਡਾ ਸਭ ਦਾ ਵਡੱਪਣ ਹੋਵੇਗਾ।

ਅੰਤ ਵਿਚ ਮੈਂ ਰਾਹੀਂ ਨੂੰ ਉਸਦੀ ਇਸ ਪਹਿਲੀ ਪ੍ਰਾਪਤੀ ਤੇ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਹ ਛੇਤੀ ਹੀ ਆਪਣੇ ਦੂਜੇ ਕਲਾਮਾਂ ਰਾਹੀ ਪਾਠਕਾਂ/ ਲੇਖਕਾਂ ਦੇ ਰੂਬਰੂ ਹੋਵੇਗਾ। ਮੇਰੀਆਂ ਸ਼ੁਭ ਇੱਛਾਵਾਂ ਹਮੇਸ਼ਾ ਇਹਦੇ ਨਾਲ ਹਨ।

ਬਲਬੀਰ ਸਿੰਘ ਸੈਣੀ

02-6-2008
ਭਾਖੜਾ ਰੋਡ
ਨੰਗਲ ਟਾਊਨ ਸ਼ਿਪ

# ਸਮਾਜਕ ਵਰਤਾਰਿਆਂ ਨੂੰ ਰੂਪਮਾਨ ਕਰਦੀ ਸ਼ਾਇਰੀ

ਸ਼ਾਇਰੀ ਨੂੰ ਮਾਨਣਾ ਦਾਨਸ਼ਵਰ ਲੋਕਾਂ ਦੇ ਸੁਹਜ ਭਾਵੀ ਸ਼ੌਕ ਨੂੰ ਨਿਰੂਪਣ ਕਰਦਾ ਹੈ। ਇਹ ਸੁਹਜ ਭਾਵਨਾ ਜਦੋਂ ਕਦੇ ਦਿਲ ਦੀਆਂ ਡੂੰਘਾਈਆਂ ਵਿਚ ਲਹਿ ਜਾਂਦੀ ਹੈ ਤਾਂ ਵਿਅਕਤੀ ਸ਼ਾਇਰ ਬਣ ਜਾਂਦਾ ਹੈ। ਅਸ਼ੋਕ ਰਾਹੀ ਵੀ ਇਸੇ ਸਫਰ ਨੂੰ ਤਹਿ ਕਰਕੇ ਸ਼ਾਇਰ ਬਣਿਆ ਹੈ ਜੋ ਅਜ ਆਪਣਾ ਪਲੇਠਾ ਗ਼ਜ਼ਲ ਸੰਗ੍ਰਹਿ ਲੈ ਕੇ ਪਾਠਕਾਂ ਦੇ ਸਨਮੁਖ ਹੋ ਰਿਹਾ ਹੈ। ਮੈਂ ਜਿੱਥੇ ਉਸਨੂੰ ਇਸ ਸਾਹਿਤਕ ਘਾਲਣਾ ਲਈ ਦਿਲੀ ਮੁਬਾਰਕਬਾਦ ਦਿੰਦਾ ਹਾਂ ਉੱਥੇ ਨੰਗਲ ਇਲਾਕੇ ਦੇ ਪੰਜਾਬੀ ਸਾਹਿਤ ਮੰਡਲ ਵਿਚ ਉਸਦੇ ਸਿਰਜੇ ਸਿਰਨਾਵਿਆਂ ਦੇ ਪਰਵੇਸ਼ ਨੂੰ ਜੀ ਆਇਆਂ ਵੀ ਕਹਿੰਦਾ ਹਾਂ।

ਸ਼ਾਇਰੀ ਨੂੰ ਪੜ੍ਹਨਾ ਤੇ ਫਿਰ ਮਾਨਣਾ ਇਕ ਔਖਾ ਕੰਮ ਹੈ ਪਰ ਸ਼ਾਇਰੀ ਕਹਿਣਾ/ਲਿਖਣਾ ਹੋਰ ਵੀ ਕਠਿਨ ਹੈ। ਮੈਂ ਇਵੇਂ ਵੀ ਸੁਣਿਆ ਹੈ ਕਿ ਜਦ ਕੋਈ ਵਿਅਕਤੀ ਸ਼ਾਇਰ ਬਣ ਜਾਂਦਾ ਹੈ ਤਾਂ ਕਵਿਤਾ ਲਿਖਣਾ ਉਸਦੀ ਮਜਬੂਰੀ ਬਣ ਜਾਂਦੀ ਹੈ। ਸਮਾਜ ਵਿਚਲੇ ਵਿਆਪਕ ਵਰਤਾਰੇ ਵਿਚ ਜੋ ਕੁਝ ਅਣ-ਮਨੁੱਖੀ ਹੋ ਰਿਹਾ ਹੁੰਦਾ ਹੈ ਉਹ ਦਰਦ ਬਣਕੇ ਉਸਦੇ ਸੀਨੇ ਵਿਚ ਬੈਠ ਜਾਂਦਾ ਹੈ। ਇਸ ਦਰਦ ਦੀ ਛੱਲੀ ਨੂੰ ਭੋਰਣ ਲਈ ਉਸਨੂੰ ਸ਼ਾਇਰੀ ਕਰਨੀ ਪੈਂਦੀ ਹੈ। ਜਦ ਮੈਂ ਰਾਹੀ ਜੀ ਦੀਆਂ ਗ਼ਜ਼ਲਾਂ ਕਦੇ ਸੁਣਦਾ ਸਾਂ ਤੇ ਹੁਣ ਪੜ੍ਹ ਰਿਹਾ ਹਾਂ ਤਾਂ ਮੈਂ ਇਹ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ ਕਿ ਇਸਨੇ ਉਸ ਤੜਪ ਨੂੰ ਸ਼ਬਦਾਂ ਵਿਚ ਢਾਲਿਆ ਹੈ ਜਿਸ ਸੇਕ ਨੂੰ ਇਸ ਸ਼ਾਇਰ ਨੇ ਝੱਲਿਆ ਹੈ। ਇਹ ਸ਼ਿਅਰ ਸੁਹਜ-ਸੁਆਦ ਨੂੰ ਮਾਨਣ ਦਾ ਜ਼ਰੀਆ ਨਹੀਂ ਸਗੋਂ ਅਪਣੇ ਅੰਦਰਲੇ ਨੂੰ ਬਾਲਕੇ ਜੱਗ ਨੂੰ ਰੁਸ਼ਨਾਉਣ ਦੀ ਦੀਵਾਨਗੀ ਹੈ। ਇਹ ਸਾਰੀਆਂ ਦੀਆਂ ਸਾਰੀਆਂ ਗ਼ਜ਼ਲਾਂ ਰਾਹੀ ਦੇ ਉਸ ਵਿਅਕਤਿਤਵ ਨੂੰ ਰੂਪਮਾਨ ਕਰਦੀਆਂ ਹਨ ਜਿਸ ਗੰਭੀਰਤਾ ਵਿਚ ਉਹ ਵਿਚਰਦਾ ਹੈ। ਮੇਰੈ ਕੋਲੋਂ ਰਿਹਾ ਨਹੀਂ ਜਾ ਰਿਹਾ ਕਿ ਮੈਂ ਇਸ ਵਿਅਕਤਿਤਵ ਦੀ ਚੇਤਨਾ ਨੂੰ ਸਭ ਨਾਲ ਸਾਂਝਾ ਨਾ ਕਰਾਂ ਕਿਉਂਕਿ ਇਹ ਸ਼ਿਅਰ ਸਾਨੂੰ ਸੋਚਣ ਲਈ ਮਜਬੂਰ ਕਰਦੇ ਹਨ ਕਿ ਅਜੋਕਾ ਸਮਾਜਕ ਵਰਤਾਰਾ ਕੀ ਬਣਦਾ ਜਾ ਰਿਹਾ ਹੈ:-

ਮਾਂ ਬਾਪ  ਰੋਟੀ ਨੂੰ ਤਰਸਣ,  
ਪੁਤਰ ਥਾਂ ਥਾਂ ਲੰਗਰ ਲਾਵੇ।

- 0 -

ਕੀ ਸਾਧੂ ਕੀ ਚੋਰ ਉਚੱਕਾ,
ਮਾਇਆ ਸੱਭ ਨੂੰ ਨਾਚ ਨਚਾਵੇ।

- 0 -

ਚੀਥੜੇ ਲਪੇਟ ਜਿਸ ਕੱਟੀ, ਸਾਰੀ ਜ਼ਿੰਦਗੀ,
ਵੇਖੋ ਉਹਦੀ ਅਜ ਯਾਰਾਂ ਅਰਥੀ ਸ਼ਿੰਗਾਰੀ ਏ।

- 0 -

ਜਿਸ ਸੂਖਮ ਅੰਦਾਜ਼ ਵਿਚ ਮੇਰਾ ਵੀਰ ਅਸ਼ੋਕ 'ਰਾਹੀ' ਆਪਣੀਆਂ ਗ਼ਜ਼ਲਾਂ ਰਾਹੀਂ ਸਮਾਜ ਦਾ ਹੇਜ ਪਿਆਜ ਫਰੋਲ ਰਿਹਾ ਹੈ, ਉਸ ਸ਼ਿੱਦਤ ਦੀਆਂ ਨਿਗਾਹਾਂ ਸਾਨੂੰ ਸਾਰਿਆਂ ਨੂੰ ਖੋਲਣੀਆਂ ਚਾਹੀਦੀਆਂ ਹਨ ਤਾਂ ਕਿ ਅਸੀਂ ਇਸ ਸ਼ਾਇਰੀ ਨੂੰ ਮਾਣਦੇ ਹੀ ਨਾਂ ਰਹੀਏ ਸਗੋਂ ਸੁਹਜ ਦੇ ਰੰਗ ਇਸ ਉਲਝੇ ਸਮਾਜ ਵਿਚ ਭਰ ਕੇ ਇਸ ਦੀ ਲਿਟ ਸਵਾਰ ਸਕੀਏ। ਮੈਂ ਇਹੀ ਆਸ ਕਰਦਾ ਹਾਂ ਕਿ ਅਸ਼ੋਕ ਰਾਹੀ ਦੇ ਸ਼ਿਅਰਾਂ ਨੂੰ ਪੜ੍ਹਕੇ ਉਹ ਅੱਖ ਖੋਲੀਏ ਜੋ ਮੀਟੀ ਜਾ ਚੁੱਕੀ ਹੈ। ਢੇਰ ਸਾਰੀਆਂ ਸ਼ੁਭ ਇਛਾਵਾਂ ਨਾਲ ਅਸ਼ੋਕ ਰਾਹੀ ਦੇ ਇਸ ਪਹਿਲੇ ਗ਼ਜ਼ਲ ਸੰਗ੍ਰਹਿ ਲਈ ਉਸਦੀ ਘਾਲਣਾ ਨੂੰ ਮੁਬਾਰਕਬਾਦ ਦਿੰਦਾ ਹਾਂ ਤੇ ਆਸ ਕਰਦਾ ਹਾਂ ਕਿ ਇਹ ਸਫਰ ਨਿਰੰਤਰ ਚਲਦਾ ਰਹੇ।

ਆਮੀਨ ।


ਫੁਲਵੰਤ ਸਿੰਘ ਮਨੋਚਾ
ਭਾਖੜਾ ਰੋਡ
ਨੰਗਲ ਟਾਊਨ ਸ਼ਿਪ

# ਕੀ ਕਹਾਂ ਤੇ ਕਿਵੇ ਕਹਾਂ

ਕੀ ਕਹਾਂ ਤੇ ਕਿਵੇਂ ਕਹਾਂ ਸ਼ਾਇਰੀ ਕਰਨਾ ਇਕ ਬਹੁਤ ਹੀ ਕਠਿਨ ਤੇ ਸੰਦੇਵਨਸ਼ੀਲ ਕੰਮ ਹੈ। ਅਸ਼ੋਕ ਰਾਹੀ ਵਰਗੀਆਂ ਕੁਝ ਕੁ ਰੂਹਾਂ ਹੀ ਹੁੰਦੀਆਂ ਹਨ ਜੋ ਅਬੋਲ ਨੂੰ ਬੋਲਾਂ ਦੀ ਜਾਨ ਬਖਸ਼ ਦਿੰਦੀਆਂ, ਨਹੀਂ ਤਾਂ ਇਹ ਹਾਰੀ ਸਾਰੀ ਦਾ ਕੰਮ ਨਹੀਂ। ਸ਼ਾਇਰੀ ਕਰਨਾ ਇਕ ਕਠਿਨ ਕਾਰਜ ਹੈ ਪਰ ਗ਼ਜ਼ਲ ਲਿਖਣਾ ਉਸ ਤੋਂ ਕਠਿਨ ਹੈ ਕਿਉਂਕਿ ਇਸ ਵਿਚ ਅਕਲ ਔਰ ਫਿਰ (ਦਿਲ ਤੇ ਦਿਮਾਗ) ਨੂੰ ਇਕ ਕਿੱਲੇ ਨਾਲ ਬੰਨਣਾ ਹੁੰਦਾ ਹੈ। ਮੈਂ ਇਹ ਕਿਧਰੇ ਪੜ੍ਹਿਆ ਹੈ ਸ਼ਾਇਦ ਸਯੱਦ ਆਬਿਦ ਅਲੀ ਦੀ ਲਿਖਤ ਵਿਚੋਂ ਕਿ ਨਿਰੁਕਤੀ ਦੇ ਨਜ਼ਰੀਏ ਤੋਂ ਗ਼ਜ਼ਲ ਸ਼ਬਦ 'ਗ਼ਜ਼ਾਲ' ਤੋਂ ਨਿਕਲਿਆ ਹੈ। ਸ਼ਿਕਾਰੀ ਕੁੱਤੇ ਜਦ ਹਰਨ ਦਾ ਪਿੱਛਾ ਕਰਦੇ ਹਨ ਤਾਂ ਹਰਨ ਜੀਵਨ ਤੋਂ ਨਿਰਾਸ਼ ਹੋ ਜਾਂਦਾ ਹੈ ਤੇ ਉਹ ਇਕ ਅਤਿ ਦਰਦਨਾਕ ਆਵਾਜ ਕੱਢਦਾ ਹੈ। ਇਸ ਆਵਾਜ ਨੂੰ ਗ਼ਜ਼ਲ ਕਹਿੰਦੇ ਹਨ ਅਤੇ ਦਰਦਨਾਕ ਆਵਾਜ ਪੈਦਾ ਕਰਨ ਵਾਲਾ ਗ਼ਜ਼ਾਲ ਅਥਵਾ ਹਿਰਨ ਹੁੰਦਾ ਹੈ। ਸਮਾਜ ਵਿਚ ਜੋ ਕੁਝ ਅਣਹੋਣਾ ਹੋ ਰਿਹਾ ਹੈ ਉਹ ਸਾਡੇ ਇਸ ਸ਼ਾਇਰ ਅਸ਼ੋਕ ਰਾਹੀ ਜੀ ਦੇ ਜਿਗਰ ਦਾ ਦਰਦ ਬਣਦਾ ਗਿਆ ਤੇ ਜਦ ਇਹ ਦਰਦ ਸੰਭਾਲਿਆ ਨਾ ਗਿਆ ਤਾਂ ਚੀਕ ਬਣ ਕੇ ਇਹਨਾਂ ਗ਼ਜ਼ਲਾਂ ਦੇ ਸੇਅਰਾਂ ਰਾਹੀਂ ਬਾਹਰ ਨਿਕਲ ਤੁਰਿਆ। ਇਹ ਇਕ ਸਹਿਜ ਪ੍ਰਕ੍ਰਿਆ ਸੀ ਜੋ ਇਸ ਮੁਸ਼ਾਇਕੀ ਦਾ ਆਧਾਰ ਬਣੀ ਹੈ। ਆਪਣੇ ਇਸ ਗ਼ਜ਼ਲ ਸੰਗ੍ਰਹਿ ਨਾਲ 'ਰਾਹੀ' ਦਾ ਸਾਹਿਤ ਜਗਤ ਵਿਚ ਪ੍ਰਵੇਸ਼ ਕਰਨਾ ਸਾਡੇ ਸਾਰਿਆਂ ਲਈ ਖੁਸ਼ੀ ਦਾ ਸੁਭਾਗ ਹੈ ਤੇ 'ਰਾਹੀ' ਲਈ ਮੁਬਾਰਕਬਾਦ ਹੈ।

ਮੈਂ ਜਦ ਇਹਨਾਂ ਗ਼ਜ਼ਲਾਂ ਨੂੰ ਪੜ੍ਹ ਕੇ ਮਾਣ ਰਿਹਾ ਸਾਂ ਤੇ ਇਹਨਾਂ ਦਾ ਮੁਤਾਲਿਆ ਕਰ ਰਿਹਾ ਸਾਂ ਤਾਂ ਬੜੀ ਸਿਦਤ ਨਾਲ ਇਹ ਗੱਲ ਸਾਹਮਣੇ ਆਈ ਕਿ ਇਹ ਕੋਈ ਸਤਹੀ ਸ਼ਾਇਰੀ ਨਹੀਂ, ਸਗੋਂ ਇਸ ਦੀ ਡੂੰਘਾਈ ਸਾਡੀਆਂ ਸੋਚਾਂ ਤੋਂ ਪਾਰ ਦੀ ਹੈ। ਇਹ ਸ਼ਾਇਦ ਤਾਂ ਹੀ ਸੰਭਵ ਹੋ ਸਕਿਆ ਹੈ ਕਿ 'ਰਾਹੀ ਸਾਹਬ' ਨੇ ਉਰਦੂ ਸਾਹਿਤ ਨੂੰ ਪੜ੍ਹਿਆ ਤੇ ਮਾਣਿਆ ਹੈ। ਜਦ ਮੈਨੂੰ ਇਹ ਗੱਲ ਪੁੱਛਣ ਲਈ ਮਜਬੂਰ ਹੋਣਾ ਪਿਆ ਤਾਂ ਉਨ੍ਹਾਂ ਨੇ ਦਸਿਆ ਕਿ ਮੈਂ ਢੇਰ ਸਮਾਂ ਬੀ.ਬੀ.ਸੀ. ਲੰਡਨ ਦਾ ਉਰਦੂ ਪ੍ਰੋਗਰਾਮ ਸੁਣਦਾ ਰਿਹਾ ਹਾਂ, ਉਰਦੂ ਸ਼ਾਇਰੀ ਪੜ੍ਹਦਾ ਰਿਹਾ ਹਾਂ ਤੇ ਮੇਰੇ ਪਿਤਾ ਜੀ ਉਰਦੂ ਦੀ ਐਮ.ਏ. ਸਨ। ਇਹ ਸਾਰਾ ਪਿਛੋਕੜ ਤੇ ਸੰਸਕਾਰ ਹੀ ਹਨ ਕਿ 'ਅਸ਼ੋਕ ਰਾਹੀ' ਇਸ ਪਹਿਲੇ ਗ਼ਜ਼ਲ ਸੰਗ੍ਰਹਿ ਰਾਹੀਂ ਹੀ ਪ੍ਰੋੜ ਕਵੀ ਬਣ ਕੇ ਸਾਡੇ ਸਨਮੁਖ ਹੋਇਆ ਹੈ।

ਅਸ਼ੋਕ ਰਾਹੀ ਕੋਲ ਉਹ ਦ੍ਰਿਸ਼ਟੀ ਹੈ ਜੋ ਅਜੋਕੇ ਸਮਾਜ ਨੂੰ ਵਿਰਸੇ ਤੋਂ ਵਿਛੁੰਨੇ ਹੋਕੇ ਸੰਤਾਪ ਹੰਢਾਉਣ ਨੂੰ ਪਛਾਣਦੀ ਹੈ। ਨਿੱਘ ਵਿਰਸੇ ਵਿਚੋਂ ਮਿਲਦਾ ਹੈ ਤੇ ਨਵੀਂ ਪੀੜ੍ਹੀ ਇਸ

ਵਿਰਾਸਤ ਨਾਲੋਂ ਟੁੱਟ ਗਈ ਹੈ। ਇਹ ਸਾਡੇ ਦੀਵਾਲੀਆਪਨ ਦੀ ਨਿਸ਼ਾਨੀ ਹੈ। ਜਦ ਇਸ ਵਰਤਾਰੇ ਨੂੰ 'ਰਾਹੀ' ਵੇਖਦਾ ਹੈ ਤਾਂ ਉਸ ਲਈ ਸ਼ੇਅਰ ਕਹਿਣ ਦੀ ਮਜਬੂਰੀ ਬਣ ਜਾਂਦੀ ਹੈ ਕਿ :-

ਵਿਸਰ ਗਏ ਸਭ ਵਿਰਸਾ ਆਪਣਾ,
ਸਾਲੂ ਸੁਭਰ ਸੱਗੀ ਰੀੜ੍ਹਾ।
ਭੁਲ ਬੈਠੀ ਸਭ ਅਜ ਦੀ ਪੀੜ੍ਹੀ,
ਚਰਖਾ, ਚੱਕੀ, ਬੇਲਣ, ਪੀੜ੍ਹਾ।
ਫੈਸ਼ਨ ਦੀ ਇਹ ਵੇਖ ਤਰੱਕੀ,
ਕਲਪੇ ਮੇਰਾ ਚੰਦਰਾ ਜੀਅੜਾ।
ਧੀ ਰਾਣੀ ਕੀ ਕਿਕਲੀ ਪਾਵੇ,
ਓਸ ਲਈ ਹਰ ਆਂਗਨ ਭੀੜਾ।

ਅਜ ਸਮਾਜਕ ਮੁੱਲ ਬਦਲ ਗਏ ਹਨ। ਰਾਜਨੀਤੀ ਰਾਹੀਂ ਆਇਆ ਅਪਰਾਧੀ-ਕਰਨ ਸਾਨੂੰ ਸਾਰਿਆਂ ਨੂੰ ਹੰਢਾਉਣਾ ਪੈ ਰਿਹਾ ਹੈ। ਇਹ ਝੋਰਾ ਤਾਂ ਹੁਣ ਸੰਵੇਦਨ ਸ਼ੀਲ ਲੋਕਾਂ ਦੇ ਪੱਲੇ ਹੀ ਰਹਿ ਗਿਆ ਹੈ, ਜਨਤਾ ਤਾਂ ਸਿਰਫ ਵੋਟ ਦਾ ਮੁੱਲ ਵੱਟਣ ਜੋਗੀ ਰਹਿ ਗਈ ਹੈ। ਇਸੇ ਕਰਕੇ ਰਾਹੀ ਨੂੰ 'ਕੀ ਕਹਾਂ ਤੇ ਕਿਵੇਂ ਕਹਾਂ' ਕਹਿਣ ਲਈ ਮਜ਼ਬੂਰ ਹੋਣਾ ਪੈਂਦਾ ਹੈ :-

ਅਫਸਰਾਂ ਤੋਂ ਅਰਦਲੀਆਂ ਤਕ ਯਾਰ ਜੀ,
ਫੈਲਿਆ ਰਿਸ਼ਵਤ ਦਾ ਮਕੜਜਾਲ ਹੈ।
ਰਿਸ਼ਵਤ ਖੋਰ ਦੇ ਕੇ ਰਿਸ਼ਵਤ ਛੁੱਟ ਗਿਆ,
ਅਜ ਦੇ ਇਹ ਵਕਤ ਦਾ ਕਮਾਲ ਹੈ।
ਪੰਜ ਦਿਨਾਂ ਵਿਚ ਲੁੱਟ ਸਕਦੇ ਹਾਂ ਦੇਸ਼,
ਸਾਡੇ ਕੋਲ ਤਾਂ ਵਕਤ ਪੰਜ ਸਾਲ ਹੈ।
ਤਿਕੜਮ ਲੜਾ ਤੂੰ ਛੱਡ ਡਿਗਰੀਆਂ ਨੂੰ,
ਡਿਗਰੀਆਂ ਵਾਲਾ ਤਾਂ ਅਜ ਕੰਗਾਲ ਹੈ।
ਅਨਪੜ੍ਹ ਵਜੀਰ ਦਾ ਪੀ.ਏ. ਵਲੈਤ ਪਾਸ,
ਵੋਟ ਰਾਣੀ ਦਾ ਇਹ ਵੀ ਇਕ ਕਮਾਲ ਹੈ।

- 0 -

ਮੁਜਰਿਮ ਬਣ ਜਾਣ ਮੁਨਸਿਫ਼ ਜਦੋਂ ਤਾਂ,
ਕੌਣ ਦਵੇ ਮੁਜਰਮਾਂ ਨੂੰ ਸਜਾਵਾਂ।

- 0 -

ਮੰਤਰੀਆਂ ਤੋਂ ਵਧ ਜ਼ੋਰਾਵਰ,
ਭਾਈ-ਭਤੀਜੇ, ਜੀਜੇ-ਸਾਲੇ।
ਦਿਨ ਰਾਤ ਉਹ ਕਰਨ ਤਰੱਕੀ,
ਕਰਦੇ ਜਿਹੜੇ ਧੰਦੇ ਕਾਲੇ।
ਕਰਨ ਸਿਆਸਤ ਲਾਸ਼ਾਂ ਉੱਤੇ,
ਅਪਣੇ-ਅਪਣੇ ਚੰਡਦੇ ਫਾਲੇ।

ਇਸ ਵਰਤਾਰੇ ਦਾ ਦੂਜਾ ਪਾਸਾ ਹੋਰ ਵੀ ਸਨਸਨੀ ਖੇਜ਼ ਹੈ :-

ਵਰਖਾ ਵਰਦੀ ਜਿੰਦ ਪਈ ਡਰਦੀ, ਝੌਂਪੜੀਆਂ ਦੇ ਵਾਸੀ ਹਾਂ।
ਹਰ ਸ਼ੈ ਘਰ ਦੀ ਪਾਣੀ ਤਰਦੀ, ਝੌਂਪੜੀਆਂ ਦੇ ਵਾਸੀ ਹਾਂ।

ਭੁੱਖੇ ਪਿਆਸੇ, ਹੱਥੀਂ ਕਾਸੇ, ਬੱਚੇ ਬੁੱਢੇ ਭਟਕ ਰਹੇ,
ਚਿਹਰੇ ਜਰਦੀ ਕੋਈ ਨਾ ਦਰਦੀ, ਝੌਂਪੜੀਆਂ ਦੇ ਵਾਸੀ ਹਾਂ।

ਇੱਜਤ ਮੰਗਣ ਰਤਾ ਨਾ ਸੰਗਣ ਦੋ ਟੁੱਕ ਦੀ ਰਾਹਤ ਬਦਲੇ,
ਡਰਦੀ ਡਰਦੀ ਸ਼ਿਕਵਾ ਕਰਦੀ, ਝੋਂਪੜੀਆਂ ਦੇ ਵਾਸੀ ਹਾਂ।

ਦੁੱਖਾਂ ਮਾਰੀ, ਮਾਂ ਵੀਚਾਰੀ ਬੱਚਿਆਂ ਲਈ ਅਸਮਤ ਵੇਚੇ,
ਮਨੁੱਖਤਾ ਮਰਦੀ, ਦੁਖੜੇ ਜਰਦੀ, ਝੌਂਪੜੀਆਂ ਦੇ ਵਾਸੀ ਹਾਂ।

ਪੈਸੇ ਵੰਡੇ ਮਾਰ ਕੇ ਡੰਡੇ, ਧੂ ਕੇ ਲੈ ਗਏ ਥਾਣੇ ਨੂੰ,
ਖ਼ਾਕੀ ਵਰਦੀ ਧੱਕਾ ਕਰਦੀ, ਝੌਂਪੜੀਆਂ ਦੇ ਵਾਸੀ ਹਾਂ।

ਅਸਮਤ ਲੁੱਟੀ ਨਾਲੇ ਕੁੱਟੀ, ਚੁੱਪ ਨਾ ਟੁੱਟੀ, ਡਰਦੀ ਦੀ,
ਗੁੰਡਾ ਗਰਦੀ ਕੋਲੋਂ ਡਰਦੀ ਝੋਂਪੜੀਆਂ ਦੇ ਵਾਸੀ ਹਾਂ।

ਕਿਉਂ ਵੇ 'ਰਾਹੀ' ਦਵੇਂ ਗਵਾਹੀ? ਆਜਾ ਤੂੰ ਵੀ ਅੰਦਰ ਨੂੰ,
ਜਨਤਾ ਮਰਦੀ ਤੈਂ ਸਿਰਦਰਦੀ? ਝੌਂਪੜੀਆਂ ਦੇ ਵਾਸੀ ਹਾਂ।

ਅਸ਼ੋਕ ਰਾਹੀ ਸੰਵੇਦਨਸ਼ੀਲ ਸ਼ਾਇਰ ਹੈ। ਉਸ ਅੰਦਰ ਦਰਦ ਹੈ ਸਮਾਜ ਦੇ ਅਣਮਨੁੱਖੀ ਵਰਤਾਰੇ ਦਾ ਉਸ ਪਾਸ ਅੰਦਾਜ਼ ਹੈ ਸ਼ੇਅਰ ਕਹਿਣ ਦਾ। ਉਸ ਦੀਆਂ ਗ਼ਜ਼ਲਾਂ ਉਸ ਸੱਚ ਨੂੰ ਸਾਹਮਣੇ ਲਿਆਉਂਦੀਆਂ ਹਨ ਜਿਨ੍ਹਾਂ ਤੋਂ ਅਸੀਂ ਅੱਖਾਂ ਚੁਰਾਈ ਬੈਠੇ ਹਾਂ। ਉਸ ਨੂੰ ਨਾ ਆਪਣੇ ਨਾਲ ਲਿਹਾਜ ਹੈ ਤੇ ਨਾਹੀਂ ਕਿਸੇ ਹੋਰ ਨਾਲ, ਸਗੋਂ ਸੱਚ ਕਹਿਣ ਦੀ ਦਲੇਰੀ ਹੈ। ਸ਼ਾਲਾ ਇਹ ਦਲੇਰੀ ਸਦਾ ਕਾਇਮ ਰਹੇ ਤੇ ਉਸ ਦੀ ਇਹ ਕਾਵਿ-ਧਾਰਾ ਸਦਾ ਨਿਰੰਤਰ ਚਲਦੀ ਰਹੇ। ਸਾਡੀ ਸਭ ਦੀ ਇਹੀ ਦੁਆ ਹੈ। ਮੈਂ ਆਪਣਾ ਨਾਮ ਇਸ ਗ਼ਜ਼ਲ ਸੰਗ੍ਰਹਿ ਨਾਲ ਜੋੜ ਕੇ ਫ਼ਖਰ ਮਹਿਸੂਸ ਕਰਦਾ ਹਾਂ।

ਡਾ. ਗੁਲਜਾਰ ਸਿੰਘ ਕੰਗ
ਪਿੰਡ ਮੇਦਾ ਮਾਜਰਾ
ਡਾ: ਪਰਤਾਪ ਨਗਰ
ਨੰਗਲ ਡੈਮ (ਰੋਪੜ)

# ਮੇਰੇ ਵੱਲੋਂ

ਮੈਂ ਆਪਣੀ ਇਹ ਪਹਿਲੀ ਕੋਸ਼ਿਸ਼ ਲੈ ਕੇ ਤੁਹਾਡੇ ਸਾਹਮਣੇ ਪੇਸ਼ ਹੋਇਆ ਹਾਂ। ਪਤਾ ਨਹੀਂ ਕਿੰਨਾ ਕੁ ਕਾਮਯਾਬ ਹੋਇਆ ਹਾਂ ਅਪਣੀ ਪਲੇਠੀ ਕੋਸ਼ਿਸ਼ ਵਿਚ ਵੈਸੇ ਮੈਂ ਹਿੰਦੀ ਅਤੇ ਉਰਦੂ ਵਿਚ ਤਾਂ ਪਹਿਲਾਂ ਵੀ ਥੋੜੀ ਬਹੁਤ ਕੋਸ਼ਿਸ਼ ਕਰ ਲੈਂਦਾ ਸੀ। ਐਪਰ ਮਾਂ ਬੋਲੀ ਦੀ ਸੇਵਾ ਕਰਨ ਦਾ ਮੌਕਾ ਮੈਨੂੰ ਪੰਜਾਬੀ ਦੇ ਚਸ਼ਮੋ ਚਿਰਾਗ ਉੱਚ ਕੋਟੀ ਦੇ ਗ਼ਜ਼ਲਗੋ ਗੀਤਕਾਰ ਅਤੇ ਕਹਾਣੀਕਾਰ ਉਸਤਾਦ ਸਰਦਾਰ ਬਲਬੀਰ ਸਿੰਘ ਸੈਣੀ ਜੀ ਦੀ ਕਿਰਪਾ ਅਤੇ ਪ੍ਰੇਰਣਾ ਨਾਲ ਤੇ ਸਰਦਾਰ ਫੁਲਵੰਤ ਸਿੰਘ ਜੀ ਮਨੋਚਾ ਜੋ ਪੰਜਾਬੀ ਰੰਗ ਮੰਚ ਦੇ ਉੱਘੇ ਕਲਾਕਾਰ ਅਤੇ ਨਾਟਕਕਾਰ ਵੀ ਹਨ ਦੀ ਹੱਲਾ ਸ਼ੇਰੀ ਨਾਲ ਨਸੀਬ ਹੋਇਆ ਹੈ। ਇਹਨਾ ਦੋ ਸ਼ਖਸ਼ੀਅਤਾਂ ਤੋਂ ਬਿਨਾਂ ਮੈਂ ਕੁਝ ਵੀ ਨਹੀਂ ਸੀ ਲਿਖ ਸਕਦਾ। ਸੱਚ ਪੁੱਛੋ ਤਾਂ ਪੰਜਾਬੀ ਲਿਪੀ ਵੀ ਮੇਰੇ ਕੋਲੋਂ ਬਹੁਤ ਮੁਸ਼ਕਿਲ ਲਿਖੀ ਜਾਂਦੀ ਸੀ।

ਬਾਕੀ ਗ਼ਜ਼ਲ ਲਿਖਣੀ ਤਾਂ ਉਮਰ ਭਰ ਦੀ ਘਾਲਣਾ ਅਤੇ ਸੁਚੱਜੇ ਉਸਤਾਦ ਦੀ ਅਗਵਾਈ ਹੇਠ ਹੀ ਹੌਲੀ ਹੌਲੀ ਆਉਂਦੀ ਹੈ। ਮੈਂ ਆਪਣੀ ਇਸ ਕਿਤਾਬ ਨੂੰ ਆਪਣੀ ਜਿੰਦਗੀ ਦਾ ਉਧਾਰ ਮੰਨਦਾ ਹਾਂ ਜੋ ਇਸਨੇ ਮੈਨੂੰ ਦਿੱਤੀ ਹੈ। ਬਾਕੀ ਤਾਂ ਤੁਸੀਂ ਹੀ ਫੈਸਲਾ ਕਰਨਾ ਹੈ ਕਿ ਮੈਂ ਕਿੰਨਾ ਕੁ ਕਾਮਯਾਬ ਹੋਇਆ ਹਾਂ ਆਪਣੇ ਜਜ਼ਬਾਤ ਤੁਹਾਡੇ ਤਕ ਪਹੁੰਚਾਉਣ ਵਿਚ । ਆਪਣੀ ਵੱਡਮੁਲੀ ਰਾਏ ਜਰੂਰ ਭੇਜਣਾ।

– ਅਸ਼ੋਕ ਰਾਹੀ

✥

ਧਰਮ ਭਰਮ ਦਾ ਜੰਗਲ ਹੈ ।
ਕਰਮ ਖਰੇ, ਸਭ ਮੰਗਲ ਹੈ ।

ਪਿਆਰ, ਹਾਰ ਹੈ ਫੁੱਲਾਂ ਦਾ,
ਵਿਆਹ, ਫਰਜ਼ਾਂ ਦਾ ਸੰਗਲ ਹੈ ।

ਦੁਖ ਸੁਖ ਲਿਖਿਆ ਲੇਖਾਂ ਦਾ,
ਜੀਵਨ ਯੁੱਧ ਹੈ, ਦੰਗਲ ਹੈ ।

ਮੇਹਨਤਕਸ਼ ਦੀ ਉਜਰਤ ਲਈ
ਨਾ ਪੱਲੀ ਨਾ ਤੰਗਲ ਹੈ ।

ਪਿੰਡ 'ਤਲਵਾੜਾ', ਰਾਹੀ ਦਾ,
ਨਾਲ ਭਾਖ਼ੜਾ – ਨੰਗਲ ਹੈ ।

❖

ਵਰਖਾ ਵਰ੍ਹਦੀ, ਜਿੰਦ ਪਈ ਡਰਦੀ, ਝੌਂਪੜੀਆਂ ਦੇ ਵਾਸੀ ਹਾਂ।
ਹਰ ਸ਼ੈਂ ਘਰਦੀ, ਪਾਣੀ ਤਰਦੀ, ਝੌਂਪੜੀਆਂ ਦੇ ਵਾਸੀ ਹਾਂ।

ਭੁੱਖੇ ਪਿਆਸੇ, ਹੱਥੀਂ ਕਾਸੇ, ਬੱਚੇ – ਬੁੱਢੇ ਭਟਕ ਰਹੇ,
ਚਿਹਰੇ ਜਰਦੀ, ਕੋਈ ਨਾ ਦਰਦੀ, ਝੌਂਪੜੀਆਂ ਦੇ ਵਾਸੀ ਹਾਂ।

ਇੱਜਤ ਮੰਗਣ, ਰਤਾ ਨਾਂ ਸੰਗਣ, ਦੋ ਟੁੱਕ ਦੀ ਰਾਹਤ ਬਦਲੇ,
ਡਰਦੀ – ਡਰਦੀ, ਸ਼ਿਕਵਾ ਕਰਦੀ, ਝੌਂਪੜੀਆਂ ਦੇ ਵਾਸੀ ਹਾਂ।

ਦੁੱਖਾਂ ਮਾਰੀ, ਮਾਂ ਵੀਚਾਰੀ ਬੱਚਿਆਂ ਲਈ ਅਸਮਤ ਵੇਚੇ,
ਮਨੁਖਤਾ ਮਰਦੀ, ਦੁਖੜੇ ਜਰਦੀ, ਝੌਂਪੜੀਆਂ ਦੇ ਵਾਸੀ ਹਾਂ।

ਪੈਸੇ ਵੰਡੇ, ਮਾਰ ਕੇ ਡੰਡੇ, ਧੂ ਕੇ ਲੈ ਗਏ ਥਾਣੇ ਨੂੰ,
ਖਾਕੀ ਵਰਦੀ, ਧੱਕਾ ਕਰਦੀ, ਝੌਂਪੜੀਆਂ ਦੇ ਵਾਸੀ ਹਾਂ।

ਅਸਮਤ ਲੁੱਟੀ ਨਾਲੇ ਕੁੱਟੀ, ਚੁੱਪ ਨਾ ਟੁੱਟੀ, ਡਰਦੀ ਦੀ,
ਗੁੰਡਾ ਗਰਦੀ, ਕੋਲੋਂ ਡਰਦੀ, ਝੌਂਪੜੀਆਂ ਦੇ ਵਾਸੀ ਹਾਂ।

ਗਰੀਬ ਲੁਗਾਈ, ਵਾਂਗ ਕਸਾਈ ਨਜਰੀਂ ਤੋਲਣ ਬਦਨ ਉਦ੍ਹਾ,
ਖੁਦ ਤੋਂ ਡਰਦੀ, ਹਰ – ਹਰ ਕਰਦੀ, ਝੌਂਪੜੀਆਂ ਦੇ ਵਾਸੀ ਹਾਂ।

ਕਿਉਂ ਵੇ 'ਰਾਹੀ' ? ਦਵੇਂ ਗਵਾਹੀ ? ਆਜਾ ਤੂੰ ਵੀ ਅੰਦਰ ਨੂੰ,
ਜਨਤਾ ਮਰਦੀ, ਤੈਂ ਸਿਰ ਦਰਦੀ ? ਝੌਂਪੜੀਆਂ ਦੇ ਵਾਸੀ ਹਾਂ।

ਨਸ਼ਿਆਂ ਮਾਰੇ, ਕਰਦੇ ਕਾਰੇ, ਮੁੰਡੇ ਕੁੜੀਆਂ ਅੱਜ ਕਲ ਦੇ ।
ਬਣ ਗਏ ਸਾਰੇ, ਹੰਝੂ ਖਾਰੇ, ਮੁੰਡੇ ਕੁੜੀਆਂ ਅੱਜ ਕਲ ਦੇ ।

ਨਾ ਅਪਣੀ ਹੈ ਹੋਸ਼ ਇਨ੍ਹਾਂ ਨੂੰ, ਨਾ ਇੱਜਤ ਨਾ ਮਾਣ ਕੋਈ,
ਆਪ ਮੁਹਾਰੇ – ਫਿਰਦੇ ਸਾਰੇ, ਮੁੰਡੇ ਕੁੜੀਆਂ ਅੱਜ ਕਲ ਦੇ ।

ਅੰਧਕਾਰ ਭਵਿੱਖ ਇਨ੍ਹਾਂ ਦਾ, ਕੋਈ ਕੁਝ ਕਰ ਸਕਦਾ ਨਹੀਂ,,
ਰੋਜੀ ਮਾਰੇ, ਬਣੇ – ਵਣਜਾਰੇ, ਮੁੰਡੇ ਕੁੜੀਆਂ ਅੱਜ ਕਲ ਦੇ ।

ਪਿਆਰ ਮੁਹੱਬਤ ਨਾਲ ਇਨ੍ਹਾਂ ਨੂੰ, ਜੋ ਕੋਈ ਸਮਝਾਵੇ ਤਾਂ,
ਕਰਨ ਇਸ਼ਾਰੇ, ਲੈ ਚਟਕਾਰੇ, ਮੁੰਡੇ ਕੁੜੀਆਂ ਅੱਜ ਕਲ ਦੇ ।

ਆਪ ਮੁਹਾਰੇ ਜੇ ਇਹ ਹੋਏ, ਵੱਡਿਆਂ ਦੀ ਵੀ ਗਲਤੀ ਹੈ,
ਖ਼ਾਬ ਕੁਆਰੇ, ਵੇਚਣ ਸਾਰੇ, ਮੁੰਡੇ ਕੁੜੀਆਂ ਅੱਜ ਕਲ ਦੇ ।

ਖਵਰੇ ਕਿਹੜੀ ਗੱਲੋਂ ਖੁਦ ਤੋਂ ਖੁਦ ਹੀ ਬਾਗੀ ਹੋਏ ਹਨ,
ਲੱਗਣ ਸਾਰੇ, ਟੁਟਦੇ ਤਾਰੇ, ਮੁੰਡੇ ਕੁੜੀਆਂ ਅੱਜ ਕਲ ਦੇ ।

''ਆਪ ਫਜੀਹਤ, ਔਰ ਨਸੀਹਤ'', ਇਸ ਜੁਗ ਅੰਦਰ ਨਹੀਂ ਚਲਦਾ,
ਆਖਣ ਸਾਰੇ, 'ਰਾਹੀ' ਬਾਰੇ – ਮੁੰਡੇ ਕੁੜੀਆਂ ਅੱਜ ਕਲ ਦੇ ।

✥

ਦਿਲ ਦੇ ਸਭ ਦਰਵਾਜੇ ਢੋ ਲਾਂ ।
ਦੁਨੀਆਂ ਵਰਗਾ ਮੈਂ ਵੀ ਹੋ ਲਾਂ ।

ਯਾਦਾਂ ਤੇਰੀਆਂ, ਪਾਵਣ ਘੇਰਾ,
ਜਦ ਵੀ ਤੇਰੇ - ਖਤ ਫਰੋਲਾਂ ।

ਬਸਤੀ ਵਿਚ, ਜੋ ਗੁੰਮ ਹੋ ਗਿਆ,
ਉਸ ਨੂੰ ਕਿਹੜੀ ਨੁੱਕਰੇ ਟੋਲਾਂ ?

ਵਿਸਰ ਗਈਆਂ ਸਭ, ਪਿੰਡੋਂ ਆਕੇ,
ਗੁੜ ਦੀ ਭੇਲੀ, ਨੌਣੀਂ, ਹੋਲਾਂ ।

ਦੁਨੀਆਂਦਾਰੀ ਸਮਝਾਂ ਮੈਂ ਵੀ,
ਕਿਉਂ ਗੁੱਲਰ ਦਾ ਢਿੱਡ ਫਰੋਲਾਂ ?

ਉਸ ਦੇ ਲਈ, ਲੁਟਾ ਕੇ ਆਪਾ,
'ਰਾਹੀ' ਪਿਛਲੇ, ਪਾਪ ਮੈਂ ਧੋਲਾਂ ।

✥

ਹਉਕੇ, ਹਾਵੇ ਭਰਦਾ ਏ ਦਿਲ ।
ਯਾਦ ਉਸੇ ਨੂੰ ਕਰਦਾ ਏ ਦਿਲ ।

ਦਿਲ ਅਕਸਰ, ਦਿਲਦਾਰ ਦੀ ਖਾਤਿਰ,
ਲੱਖ ਔਕੜਾਂ ਜਰਦਾ ਏ ਦਿਲ ।

ਪੂਜ ਕੇ ਪੱਥਰ ਦੇ ਬੁਤ ਤਾਂਈ,
ਟੁੱਟਣ ਤੋਂ ਕਦ ਡਰਦਾ ਏ ਦਿਲ ?

ਨਿੱਕੀਆਂ - ਨਿੱਕੀਆਂ ਖੁਸ਼ੀਆਂ ਬਦਲੇ,
ਤਰਲੇ ਮਿਨਤਾਂ ਕਰਦਾ ਏ ਦਿਲ ।

ਮਰ ਜਾਣੇ ਨੂੰ ਲੱਖ ਸਮਝਾਇਆ,
ਫਿਰ ਵੀ ਉਸਤੇ ਮਰਦਾ ਏ ਦਿਲ ।

ਅਣਹੋਣੀ ਤੋਂ ਡਰਦਾ 'ਰਾਹੀ',
ਸੋਚੀਂ ਡੁਬਦਾ, ਤਰਦਾ ਏ ਦਿਲ ।

ਕਰਕੇ ਫਿਰ ਪਛਤਾਣਾ ਕੀ ?
ਏਥੇ ਖੋਣਾ, ਪਾਣਾ ਕੀ ?

ਜਿਸ ਨਾਲ ਨਾ ਵਾਹ, ਉਸ ਦਾ,
ਪੁਛਣਾ ਪਤਾ ਟਿਕਾਣਾ ਕੀ ?

ਇੱਜ਼ਤ, ਮਾਣ, ਪਿਆਰ ਨਾ ਹੋਵੇ,
ਉਸ ਘਰ ਆਣਾ - ਜਾਣਾ ਕੀ ?

ਉਮਰਾ ਨਾਲੋਂ ਅਕਲ ਬੜੀ,
ਕਮ ਅਕਲਾ ਵੀ ਸਿਆਣਾ ਕੀ ?

ਉਲਝਣ ਜਿਸਦੀ ਸੁਲਝੇ ਨਾ,
ਐਸਾ ਤਾਣਾ - ਬਾਣਾ ਕੀ ?

ਕੰਮ ਕਿਸੇ ਨਾ ਆਵੇ ਜੋ,
ਐਸਾ ਸਾਧੂ ਬਾਣਾ ਕੀ ?

ਅਪਣੀ ਛੱਡ, ਪਰਾਈ ਵਲ,
ਮਨ ਚੰਦਰਾ, ਭਰਮਾਣਾ ਕੀ ?

ਇੱਜਤ ਮਾਣ, ਘਟਾਵੇ ਜੋ,
ਐਸਾ ਖਾਣਾ, ਖਾਣਾ ਕੀ ?

'ਰਾਹੀ' ਦਾ ਨਹੀਂ ਮਾਣ ਜਿਨੂੰ,
ਉਸ ਨੂੰ ਯਾਰ ਬਨਾਣਾਂ ਕੀ ?

ਆ ਸਜਣਾ, ਆ ਤਕ ਜਾ ਆਕੇ ।
ਕੀ ਖਟਿਆ ਮੈਂ ਪ੍ਰੀਤ ਲਗਾਕੇ ?

ਕਿੱਥੋਂ ਸਿਖਿਆ ਹੈ ਯਾਰਾ ਤੂੰ,
ਨਜ਼ਰ ਫੇਰਨਾ, ਨਜ਼ਰ ਮਿਲਾਕੇ ।

ਅੱਧ ਵਿਚਕਾਰੇ ਇਉਂ ਛਡ ਜਾਣਾ,
ਚੰਗਾ ਨਹੀਂ ਏ, ਕਸਮਾਂ ਖਾਕੇ ।

ਪਾਗਲ ਮਜਨੂੰ, ਕਹਿਣ ਦੀਵਾਨਾ,
ਨਾਲ ਜਲਵਿਆਂ ਚਿਤ ਭਰਮਾਕੇ ।

ਜਿਉਂਦੇ ਜੀ ਤਾਂ ਹਾਲ ਨਾ ਪੁੱਛਣ,
ਮੋਤ ਤੇ ਆਉਂਦੇ, ਹੁਮ - ਹੁਮਾ ਕੇ ।

ਹੰਝੂਆਂ ਨਾਲ, ਬੁਝਾਵਣ ਲੱਗੇ,
ਚਿਤਾ ਮੇਰੀ ਨੂੰ, ਲਾਂਬੂ ਲਾਕੇ ।

ਦੱਸ ਹੀਰੇ ਕੀ, ਰਾਂਝੇ ਖਟਿਆ,
ਧੂੜੀ ਮਲ ਕੇ ਕੰਨ ਪੜਾਕੇ ?

ਯਾਰ ਦੀ ਖਾਤਿਰ ਸੱਚੇ ਆਸ਼ਿਕ,
ਟੁਰਦੇ ਤਲੀ ਤੇ ਸ਼ੀਸ਼, ਟਿਕਾ ਕੇ ।

ਪਾਇਆ ਕੀ ਸ਼ਹੀਦਾਂ 'ਰਾਹੀ',
ਜਿੰਦੜੀ ਕੌਮ ਦੇ ਲੇਖੇ ਲਾਕੇ ।

ਸਾਂਈ ਅੱਗੇ, ਅੱਡੀ ਝੋਲੀ ।
ਨਾ ਮਿਹਣਾ ਨਾ ਇੱਜਤ ਰੋਲੀ ।

ਹੱਕ ਮੰਗਣ ਦੀ ਸਜਾ ਹੈ ਇੱਥੇ,
ਕਾਲ – ਕੋਠੜੀ, ਲਾਠੀ – ਗੋਲੀ ।

ਦੰਦ ਸੋਨੇ ਦਾ, ਲੱਭਣ ਖਾਤਰ,
ਪੁਤਰਾਂ, ਪਿਉਂ ਦੀ, ਚਿਤਾ ਫਰੋਲੀ ।

ਇਕ ਤੇਰੇ, ਬੜਬੋਲੇਪਣ ਨੇ,
ਜਿੰਦ ਅਸਾਡੀ, ਘੱਟੇ ਰੋਲੀ ।

ਅੰਨਦਾਤਾ ਬਣ ਬੈਠਾ ਬਣੀਆ,
ਭੁੱਖਾ, ਜਿਸਨੇ ਧਰਤ ਕਰੋਲੀ ।

'ਟਾਪ– ਜੀਨ' ਦੀ ਨੇਰੀ ਅੰਦਰ,
ਹਵਾ ਹੋ ਗਏ, ਘਗਰਾ – ਚੋਲੀ ।

ਗਵਾਹ ਕਤਲ ਦਾ, ਕਤਲ ਹੋ ਗਿਆ ।
ਖਾਲੀ ਹੈ, ਇਨਸਾਫ ਦੀ ਝੋਲੀ ।

'ਰਾਹੀ' ਲੁੱਟੋ, ਚਾਂਦੀ ਕੁੱਟੋ,
ਅਨਪੜ੍ਹ ਜਨਤਾ, ਗੁੰਗੀ ਬੋਲੀ ।

✤

ਰਾਤਾਂ ਦਾ, ਵਣਜਾਰਾ ਚੰਨ ।
ਲਗਦਾ ਸਭਨੂੰ, ਪਿਆਰਾਂ ਚੰਨ ।

ਕੱਲ ਮੇਰੇ ਮਹਿਬੂਬ ਸਾਹਮਣੇ,
ਹੋ ਗਿਆ ਪਾਰਾ - ਪਾਰਾ ਚੰਨ ।

ਜਾਨ ਦੇ ਬਦਲੇ, ਵੀ ਨਹੀਂ ਮਿਲਣਾ,
ਮੰਗ ਨਾ ਯਾਰ ਉਧਾਰਾ ਚੰਨ ।

ਅਕਸਰ ਬਣੇ ਪ੍ਰੇਮੀਆਂ ਲਈ,
ਦੁਸ਼ਮਨ ਤੇ, ਹਤਿਆਰਾ ਚੰਨ ।

ਕਿਸ ਨੂੰ ਕਦੋਂ ਉਡੀਕੇ ਰਾਤ,
ਜਾਣੇ ਕੀ, ਆਵਾਰਾ ਚੰਨ ।

ਮੂਰਤ ਨਾਲ, ਕਰਾਂ ਮੈਂ ਗੱਲ,
ਭਰਦਾ ਨਹੀਂ, ਹੁੰਗਾਰਾ ਚੰਨ ।

ਰਹੇ ਝਾਕਦਾ ਖਿੜਕੀ 'ਚੋਂ,
ਕਰਦਾ ਨਹੀਂ ਇਸ਼ਾਰਾ ਚੰਨ ।

ਕਰਕੇ ਵਾਅਦਾ ਆਣੇ ਦਾ,
ਤੁਰ ਗਿਆ ਲਾਕੇ, ਲਾਰਾ ਚੰਨ ।

ਗੈਰਾਂ ਨਾਲ ਕਿਵੇਂ ਝੱਲੇ,
'ਰਾਹੀ' ਮਿੱਤਰ - ਚਾਰਾ ਚੰਨ ।

ਸਾਕੀ ਤੇਰੇ, ਰਿੰਦ ਪਿਆਸੇ,
ਖਾਲੀ ਜਾਮ ਤੇ ਟੁੱਟੇ ਕਾਸੇ ।

ਯਾਰਾ ਕਿਹੜੀ ਰਸਮ ਪੁਗਾਵੇਂ,
ਦਬ ਕੇ ਬੁਲ੍ਹੀਆਂ ਦੇ ਵਿਚ ਹਾਸੇ ।

ਮੈਂ ਜਾਣਦਾਂ, ਫਿਤਰਤ ਉਸਦੀ,
ਝੂਠੇ ਕਾਹਤੋਂ, ਦਵੇਂ ਦਿਲਾਸੇ ।

ਹੁਣ ਕਿਹਨੂੰ ਭਰਮਾਉਣਾ ਚਾਂਹੁੰਨੈਂ,
ਪਾਕੇ ਸੁਰਮਾ, ਮੱਲ ਦੰਦਾਸੇ ।

ਵਾਅਦੇ ਤੇਰੇ ਗੁੜ ਤੋਂ ਮਿੱਠੇ,
ਨਖਰੇ ਤੇਰੇ, ਖੰਡ ਪਤਾਸੇ ।

'ਰਾਹੀ' ਵਰਗਾ, ਮਿਲੂ ਨਾ ਕੋਈ,
ਲਭ ਲੈ ਬੇਸ਼ਕ ਆਸੇ-ਪਾਸੇ ।

ਕੀ ਖੋਇਆ ਕੀ ਪਾਇਆ ਅੱਜ ।
ਐਵੇਂ ਦਿਨ ਲੰਘਾਇਆ ਅੱਜ ।

ਸੁੱਕੇ ਜਖ਼ਮ, ਹਰੇ ਕਰ ਗਿਆ,
ਖੱਤ ਉਸਦਾ ਜੋ ਆਇਆ ਅੱਜ ।

ਉਹ ਨਹੀਂ ਆਇਆ, ਗੱਲ ਹੋਵੇਗੀ,
ਖੁਦ ਨੂੰ ਇਉਂ, ਭਰਮਾਇਆ ਅੱਜ ।

ਗਲਵਕੜੀ ਗੈਰਾਂ ਨੂੰ ਪਾਕੇ,
ਡਾਢਾ ਉਸ ਤੜਪਾਇਆ ਅੱਜ ।

ਦਿਲ ਦੇ ਆਖੇ, ਲੱਗ ਕੇ ਮੈਂ,
ਪੂਰਾ ਦਿਨ ਗੁਆਇਆ ਅੱਜ ।

ਤੇਰੀ ਬੇਪਰਵਾਹੀ ਨੇ,
ਸੁੱਤਾ ਦਰਦ ਜਗਾਇਆ ਅੱਜ ।

'ਰਾਹੀ' ਰਾਤ ਲੰਘਾਈ ਰੋ,
ਯਾਦ ਬਹੁਤ ਤੂੰ ਆਇਆ ਅੱਜ ।

✤

ਤਾਰਿਆਂ ਜੜੀ, ਫੁਲਕਾਰੀ ਰਾਤ ।
ਕਿਉਂ ਅੰਬਰ ਤੇ ਭਾਰੀ ਰਾਤ ?

ਚੰਨ ਦੇ ਬਾਝੋਂ, ਕਲੱਮ - ਕੱਲਿਆਂ,
ਕਿੱਦਾਂ ਯਾਰ, ਗੁਜਾਰੀ ਰਾਤ ?

ਕਾਲੀ - ਬੋਲੀ, ਘੁੱਪ - ਹਨੇਰੀ,
ਸਧਰਾਂ ਦੀ, ਹਤਿਆਰੀ ਰਾਤ ।

ਕੱਜਲ ਭਰੀਆਂ ਅੱਖਾਂ ਵੇਖ,
ਯਾਦ ਆਈ, ਕਜ਼ਰਾਰੀ ਰਾਤ ।

ਕਿੱਦਾਂ ਦਿਲੋਂ ਭੁੱਲਾ ਦਾਂ ਮੈਂ,
ਤੂੰ ਜੋ ਦਿਲੋਂ, ਵਿਸਾਰੀ ਰਾਤ ?

ਮਹਿਕੇ ਅੰਦਰ - ਬਾਹਰ ਸਭ,
ਹੈ ਕੇਸਰ ਦੀ ਕਿਆਰੀ ਰਾਤ ।

ਦਿਲ, ਜਿਸਮ, ਜਜ਼ਬਾਤ ਦਿਲਾਂ ਦੇ,
ਵੰਡਦੀ ਫਿਰੇ, ਖ਼ੁਮਾਰੀ ਰਾਤ ।

'ਰਾਹੀ' ਤੇਰੀ ਯਾਦ ਚ ਰੋਵੇ,
ਅੱਲ੍ਹੜ ਮਸਤ, ਕੁਆਰੀ ਰਾਤ ।

ਪਾਗਲ ਨੂੰ, ਸਮਝਾਵੇ ਪਾਗਲ ।
ਸੱਚਾ ਸਦਾ, ਕਹਾਵੇ ਪਾਗਲ ।

ਸੋਲਾਂ - ਦੂਣੀ ਅਠ ਪੜ੍ਹਾ ਕੇ,
ਪਾਗਲ ਨੂੰ ਅਜਮਾਵੇ ਪਾਗਲ ।

ਸੁਘੜ ਸਿਆਣੀ, ਕਰਕੇ ਹਰ ਗੱਲ,
ਸਭਨੂੰ ਹੀ, ਭਰਮਾਵੇ ਪਾਗਲ ।

ਮੈਂ ਜਾਣਾ, ਜਾਂ ਮੇਰਾ ਮੁਰਸ਼ਦ,
ਨੱਚੇ - ਕੁੱਦੇ, ਗਾਵੇ ਪਾਗਲ ।

ਮਸਤ ਮਲੰਗ ਨੂੰ ਆਖੇ ਦੁਨੀਆਂ,
ਅਹੁ ਜਾਵੇ ਅਹੁ ਜਾਵੇ ਪਾਗਲ ।

ਲਗਕੇ ਦਿਲ ਦੇ ਆਖੇ, ਇਹ ਦਿਲ,
ਝੂਠੇ ਕਰਦਾ ਦਾਅਵੇ ਪਾਗਲ ।

ਇਸ਼ਕ ਖੁਦਾ ਹੈ, ਇਸ਼ਕ ਇਬਾਦਤ,
ਪੁੱਠਾ ਪਾਠ, ਪੜ੍ਹਾਵੇ ਪਾਗਲ ।

ਛੱਡ 'ਰਾਹੀ' ਛੱਡ ਸਾਰੇ ਝੰਜਟ,
ਸਭ ਦੀ ਖੈਰ, ਮਨਾਵੇ ਪਾਗਲ ।

ਮੁੰਡੇ ਡਰਦੇ, ਵਿਆਹ ਨਹੀਂ ਕਰਦੇ, ਕੋਣ ਪੁਲਸ ਦੇ ਡੰਡੇ ਖਾਵੇ ?
ਪੰਗੇ ਕਰਦੇ, ਕੁੜੀਆਂ - ਘਰਦੇ, ਕੌਣ ਪੁਲਸ ਦੇ ਡੰਡੇ ਖਾਵੇ ?

ਦਾਜ ਨੇ ਮੰਗਦੇ, ਸੂਲੀ ਟੰਗਦੇ, ਝੂਠੀ ਸੱਚੀ, ਰਪਟ ਲਿਖਾਂਦੇ,
ਮੁੰਡੇ ਘਰਦੇ, ਹਉਕੇ ਭਰਦੇ, ਕੋਣ ਪੁਲਸ ਦੇ ਡੰਡੇ ਖਾਵੇ ?

ਤਾਹਨੇ ਮਾਰਨ, ਜੀਦਿਆਂ ਸਾੜਨ, ਨੂੰਹਾਂ ਸਹੁਰਿਆਂ ਤਾਈ 'ਪਤਾਰਨ,
ਤੌਬਾ ਕਰਦੇ, ਹਰ ਦਮ ਡਰਦੇ, ਕੋਣ ਪੁਲਸ ਦੇ ਡੰਡੇ ਖਾਵੇ ?

ਰਿਸ਼ਤੇ ਸੱਕੇ, ਮਾਰਨ ਧੱਕੇ, ਗਲਤੀ ਕਿਸੇ ਦੀ, ਕੋਈ ਨਾ ਢੱਕੇ,
ਦੁਖੜੇ ਜਰਦੇ, ਹੌਕੇ ਭਰਦੇ, ਕੋਣ ਪੁਲਸ ਦੇ ਡੰਡੇ ਖਾਵੇ ?

ਮੈਨੂੰ ਤੱਕੇ, ਬਾਹਾਂ ਉਚੱਕੇ, ਸੁਣ ਤੋਹਮਤਾਂ ਹੱਕੇ ਬੱਕੇ,
ਮਾਲਕ ਘਰਦੇ, ਘਰ ਵਿਚ ਡਰਦੇ, ਕੋਣ ਪੁਲਸ ਦੇ ਡੰਡੇ ਖਾਵੇ ?

ਘਰ ਦੇ ਝੇੜੇ, ਕੋਣ ਨਬੇੜੇ, 'ਰਾਹੀ' ਅਪਣੇ, ਆਪ ਸਹੇੜੇ,
ਗੈਰਾਂ ਘਰਦੇ, ਗੱਲਾਂ ਕਰਦੇ, ਕੋਣ ਪੁਲਸ ਦੇ ਡੰਡੇ ਖਾਵੇ ?

'ਭੰਡੀ ਕਰਨਾ

ਆਸ਼ਕਾਂ ਦਾ ਹਸ਼ਰ ਸ਼ਾਇਦ ਭੁੱਲ ਗਿਆ ।
ਦਿਲ ਨਿਮਾਣਾ ਫਿਰ ਕਿਸੇ ਤੇ ਡੁੱਲ ਗਿਆ ।

ਕੀ ਪਤਾ ਸੀ ਡਾਰ ਖੰਬਾਂ ਦੀ ਬਣੂ,
ਅਣਜਾਣੇ ਭੇਦ ਜੋ, ਮੈਥੋਂ ਖੁੱਲ ਗਿਆ ।

ਗੱਲ ਮੂਹੋਂ ਨਿਕਲੀ ਕੀ ਬਸ ਉੱਡ ਗਈ,
ਨਾਲ ਹੀ ਊਜਾਂ ਦਾ, ਝਖੜ ਝੁੱਲ ਗਿਆ ।

ਓਸ ਦਾ ਵਿਸ਼ਵਾਸ਼, ਮੈਂ ਕਰਦਾ ਕਿਵੇਂ,
ਚਾਂਦੀ ਦੇ ਪਲੜੇ ਹੈ ਜਿਹੜਾ ਤੁੱਲ ਗਿਆ ।

ਸਚ ਸਿਆਣਿਆਂ ਨੇ ਕਿਹਾ ਹੈ 'ਰਾਹੀ' ਜੀ,
ਜੇ ਗਈ ਇੱਜਤ ਤਾਂ, ਸਮਝੋ ਮੁੱਲ ਗਿਆ ।

✿

ਰੋਸ਼ਨੀਆਂ ਨੂੰ ਖਾ, ਗਏ ਨੇਰੇ।
ਸਾਧੂ ਬਣ-ਬਣ ਫਿਰਨ ਲੁਟੇਰੇ ।

ਪੈਸੇ ਵਾਲੇ, ਪੈਸੇ ਦੇ ਪੁੱਤ,
ਨਾ ਇਹ ਤੇਰੇ, ਨਾ ਇਹ ਮੇਰੇ ।

ਤਨ ਮਿਲੇ ਨਾ, ਮਿਲੀਆਂ ਰੂਹਾਂ,
ਕਾਹਦੀਆਂ ਕਸਮਾਂ, ਕਾਹਦੇ ਫੇਰੇ ।

ਤੇਰੇ ਆਉਣ ਦੀ ਜਗਦੀ ਆਸ,
ਕਾਂ ਬੋਲੇ, ਜਦ ਬੈਠ ਬਨੇਰੇ ।

ਸਾਰਾ ਖੇਲ ਹੈ, ਮਾਇਆ ਦਾ ਜੋ,
ਉਜ਼ਲੀਆਂ ਰਾਤਾ, ਸਿਆਹ ਸਵੇਰੇ ।

ਹੰਝੂ, ਹਉਕੇ, ਗਮ, ਸਿਸਕੀਆਂ,
ਦਿਲ ਦੇ ਵਿਹੜੇ, ਲਾਏ ਡੇਰੇ ।

ਜਦ ਵੀ 'ਰਾਹੀ' ਭੁਲਣਾ ਚਾਹਿਆ,
ਤੇਰੀਆਂ ਯਾਂਦਾ ਪਾਏ ਘੇਰੇ ।

✥

ਰੋਣਾ ਕੀ ਬੀਮਾਰ ਦੇ ਅੱਗੇ ?
ਬੇਵੱਸ ਤੇ ਲਾਚਾਰ ਦੇ ਅੱਗੇ ।

ਸਾਰੀਆਂ ਹਾਰਾਂ ਝੂਠੀਆਂ ਲੱਗਣ,
ਇਕ ਇਸ ਦਿਲ ਦੀ ਹਾਰ ਦੇ ਅੱਗੇ ।

ਚੰਨ ਸੂਰਜ ਵੀ ਫਿੱਕੇ ਲੱਗਣ,
ਦੁਲਹਨ ਦੇ ਸ਼ਿੰਗਾਰ ਦੇ ਅੱਗੇ ।

ਦੁਸ਼ਮਨ ਵੀ ਝੁਕ ਜਾਂਦੇ ਅਕਸਰ,
ਆਦਰ ਤੇ ਸਤਿਕਾਰ ਦੇ ਅੱਗੇ ।

ਕੋਈ ਤਰਕ ਵੀ ਕੰਮ ਨਹੀਂ ਆਉਂਦਾ,
ਮਜਹਬ ਦੀ ਦੀਵਾਰ ਦੇ ਅੱਗੇ ।

ਮਰਦ ਅਗੰਮੜਾ ਡੱਟ ਜਾਦਾ ਹੈ,
ਜਾਬਰ ਦੀ ਤਲਵਾਰ ਦੇ ਅੱਗੇ ।

ਇਸ਼ਕ ਨਿਮਾਣਾ ਝੁਕਦਾ ਆਇਆ,
ਹੁਸਨਾ ਦੀ ਸਰਕਾਰ ਦੇ ਅੱਗੇ ।

ਹਰ ਹਥਿਆਰ ਕੁੰਦ ਹੋ ਗਿਆ,
ਕਜਰੇ ਵਾਲੀ ਧਾਰ ਦੇ ਅੱਗੇ ।

ਸਭ ਕੁਝ ਬੁਝਿਆ-ਬੁਝਿਆ ਲਗਦੈ,
ਇਕ ਤੇਰੇ ਦੀਦਾਰ ਦੇ ਅੱਗੇ ।

ਪਰਦੇਸ਼ਾਂ ਦਾ ਸਵਰਗ ਵੀ ਕੀ ਹੈ,
ਐ 'ਰਾਹੀ' ਘਰ-ਬਾਰ ਦੇ ਅੱਗੇ ।

ਸੱਪ-ਸੀੜੀ ਦਾ, ਖੇਲ ਹੈ ਜੀਵਨ ।
ਦੁਖ ਤੇ ਸੁਖ ਦਾ ਮੇਲ ਹੈ ਜੀਵਨ ।

ਦਿਲ ਮਿਲ ਜਾਣ ਸਵਰਗ ਹੈ, ਵਰਨਾ,
ਜੀਵਨ ਭਰ ਦੀ, ਜੇਲ ਹੈ ਜੀਵਨ ।

ਹਰ ਸ਼ੈ ਇੱਥੇ, ਆਂਣੀ – ਜਾਂਣੀ,
ਸਾਹ ਮੁਸਾਫਿਰ, ਰੇਲ ਹੈ ਜੀਵਨ ।

ਜੀਵਨ – ਜੋਤੀ ਜਿਸਮ ਹੈ ਦੀਵਾ,
ਇਸ ਦੀਵੇ ਦਾ ਤੇਲ ਹੈ ਜੀਵਨ ।

ਕਿਧਰੋਂ ਆਵੇ, ਕਿੱਧਰ ਜਾਵੇ,
ਜੜ ਬਿਨ, ਅੰਬਰ ਵੇਲ ਹੈ ਜੀਵਨ ।

ਛੱਡ 'ਰਾਹੀ' ਉਮਰਾਂ ਦੇ ਦਾਈਏ,
ਘਾਹ ਤੇ ਪਈ ਤਰੇਲ ਹੈ ਜੀਵਨ ।

ਮਾਪਿਆਂ ਦੇ ਘਰ ਰਾਣੀ ਧੀ ।
ਸਹੁਰੇ ਭਰਦੀ ਪਾਣੀ ਧੀ ।

ਲੋਰੀ ਨਾਲੋਂ ਵੀ, ਮਿੱਠੀ,
ਨਿੱਘੀ ਪਿਆਰ - ਕਹਾਣੀ ਧੀ ।

ਮਹਿਕਾਵੇ ਤਨ ਮਨ ਨੂੰ ਉਹ,
ਪਾਕ - ਪਵਿਤਰ ਬਾਣੀ ਧੀ ।

ਨਫਰਤ ਦੇ ਇਸ ਜੱਗ ਅੰਦਰ,
ਸਭ ਤੋਂ ਬੀਬਾ ਪ੍ਰਾਣੀ ਧੀ ।

ਬਾਲੜ ਤੋਂ ਬਣ ਸੁਘੜ ਸੁਜਾਨ,
ਕਰਦੀ ਗੱਲ ਸਿਆਣੀ ਧੀ ।

'ਰਾਹੀ' ਸਭ ਦੀ ਮੰਗੇ ਸੁੱਖ,
ਸਭ ਤੋਂ ਵਾਰੀ ਜਾਣੀ ਧੀ ।

ਦੁਨੀਆਂ ਦਾ ਹੈ, ਅਜ਼ਬ ਵਤੀਰਾ ।
ਲੂਣ ਭੂਕਦੀ, ਲਾ ਕੇ ਚੀਰਾ ।

ਬਿਨ ਸੰਜਮ ਮੁੱਕ ਜਾਂਦੈ ਬੇਸ਼ਕ,
ਕੌਰੂੰ ਦਾ ਵੀ ਹੋਇ ਜਖੀਰਾ ।

ਕੰਮ ਲੈਣਾਂ ਨੇਤਾ ਤੋਂ ਇੰਜ,
ਝ੍ਰਿਲ ਦੇ ਕੋਲੋਂ ਜਿਵੇਂ ਮਮੀਰਾ ।

ਪੈਸੇ ਦੇ ਕੇ ਵਾਪਸ ਮੰਗਣੇ,
ਕਿਸ ਦੀ ਭੈਣ ਤੇ ਕਿਸ ਦਾ ਵੀਰਾ ?

ਦੁਸ਼ਟ, ਪਿਆਰ ਨਾਲ ਬਾਜ ਨਾ ਆਵੇ,
ਹੀਰੇ ਨੂੰ ਕੱਟ ਸਕਦਾ ਹੀਰਾ ।

ਪਿੰਘਲਣ ਦਰਦ ਤਾਂ ਖਾਰੇ ਹੰਝੂ,
ਪਿੰਘਲੇ ਪਿਆਰ ਤਾਂ ਮਿੱਠਾ ਸੀਰਾ ।

ਸੱਚ ਸਿਆਣਿਆਂ ਕਿਹਾ ਇਹ 'ਰਾਹੀ'
ਸਕਾ ਕਦੋਂ ਹੁੰਦੈ ਬੇ – ਪੀਰਾ ।

ਦਿਲ ਹੀ ਦੇਵਤਾ, ਦਿਲ ਹੀ ਕਸਾਈ ।
ਥਾਹ ਏਸ ਦੀ, ਕਿਸੇ ਨਾ ਪਾਈ ।

ਗੀਤਾ, ਗਰੰਥ, ਕੁਰਾਨ ਬਾਈਬਲ ਦਾ,
ਸਾਰ ਪਿਆਰ ਦੇ, ਅੱਖਰ ਢਾਈ ।

ਅਮ੍ਰਿਤ ਬਣ ਗਿਆ, ਜ਼ਹਿਰ ਪਿਆਲਾ,
ਜਦ ਵੀ ਪ੍ਰੀਤ, ਗਈ ਅਜਮਾਈ ।

ਭੁੱਖੇ ਨੂੰ, ਰੋਟੀ ਹੀ ਲੱਗੇ,
ਪਾਣੀ ਵਿਚ ਚੰਨ ਦੀ ਪਰਛਾਈ ।

ਦਾਰੂ ਨਹੀਂ ਕਿਸੇ, ਮਰਜ਼ ਦੀ ਦਾਰੂ,
ਮੰਨਿਆ ਜ਼ਹਿਰ ਦੀ, ਬਣੇ ਦਵਾਈ ।

ਗੈਰਾਂ ਤੋਂ ਫਿਰ ਵੀ ਚੰਗੇ ਨੇ,
ਭਾਵੇਂ ਧੋਖਾ ਕਰਦੇ ਭਾਈ ।

ਆਦਮ – ਖੋਰ, ਬਣ ਕੇ ਆਦਮੀ,
ਮਨੁੱਖਤਾ ਦੇ ਮੂੰਹ ਕਾਲਖ ਲਾਈ ।

'ਰਾਹੀ' ਕੀ ਜਮਾਨਾ ਆਇਆ,
ਦੁਸ਼ਮਣ ਲਗੇ, ਅਪਣੀ ਪਰਛਾਈ ।

ਦੂਜੇ ਵਿਆਹ ਦੀ ਖਾਏ ਮਰੋੜਾ ।
ਬਣ ਕੇ ਰਹਿੰਦੀ ਤਲੀ ਦਾ ਫੋੜਾ ।

ਹਰ ਮਰਿਆਦਾ, ਔਰਤ ਲਈ ਹੈ,
ਮਰਦ ਹੈ, ਬੇ-ਲਗਾਮ ਦਾ ਘੋੜਾ ।

ਕਹਿਣੇ ਨੂੰ ਕੁਝ ਕਹਿ ਲਉ ਬੇਸ਼ਕ,,
ਹਾਣੀ ਚਾਹਵੇ, ਹਾਣ ਦਾ ਜੋੜਾ ।

ਗੁਰਬਤ ਤੋਂ ਨਾ ਟੁੱਟੇ ਨਾਰ,
ਤੋੜ ਦਵੇ, ਬੰਦੇ ਦਾ ਤੋੜਾ ।

ਹੁਣ ਕੋਈ ਠੋਕਰ ਮਾਰ ਕੇ ਦੱਸੇ,
ਔਰਤ ਨਹੀਂ ਹੁਣ ਰਾਹ ਦਾ ਰੋੜਾ ।

ਕੱਲੇ - ਪਨ ਦਾ ਦਰਦ ਐ 'ਰਾਹੀ'
ਹੁੰਦਾ ਰਹਿੰਦਾ ਥੋੜਾ - ਥੋੜਾ ।

ਜੋ ਨਾ ਜਾਣੇ, ਲਾਚਾਰ ਦੀ ਪੀੜਾ ।
ਉਸ ਤੋਂ ਚੰਗਾ, ਨਰਕ ਦਾ ਕੀੜਾ ।

ਚਬ - ਚਬ ਕੇ ਉਹ ਕਰਦਾ ਗੱਲਾਂ,
ਮੂੰਹ ਵਿਚ ਰਖ ਕੇ ਪਾਨ ਦਾ ਬੀੜਾ ।

ਵਿਸਰ ਗਏ ਸਭ, ਵਿਰਸਾ ਆਪਣਾ,
ਸਾਲੂ, ਸੂਭਰ, ਸੱਗੀ, ਰੀੜ੍ਹਾ ।

ਭੁੱਲ ਬੈਠੀ ਹੈ ਅਜ ਦੀ ਪੀੜ੍ਹੀ,
ਚਰਖਾ, ਚੱਕੀ, ਬੇਲਣ, ਪੀੜ੍ਹਾ ।

ਫੈਸ਼ਨ ਦੀ, ਇਹ ਵੇਖ ਤਰੱਕੀ,
ਕਲਪੇ ਮੇਰਾ ਚੰਦਰਾ ਜੀਅੜਾ ।

ਧੀ ਰਾਣੀ ਕੀ ਕਿਕਲੀ ਪਾਵੇ,
ਓਸ ਲਈ ਹਰ ਆਂਗਨ ਭੀੜਾ ।

ਕੰਮ ਕਦੇ ਨਾ ਆਵਣ 'ਰਾਹੀ',
ਕੰਜੂਸ, ਲਾਲਚੀ, ਈਰਖੀ ਚ੍ਹੀੜਾ ।

ਦਿਲ ਬੇਈਮਾਨ, ਈਮਾਨ ਡਿਗਾਵੇ ।
ਲੱਖੀਂ ਖੇਡੇ, ਟਕੀਂ ਵਿਕ ਜਾਵੇ ।

ਝੂਠੀ ਤੌਬਾ ਉਸ, ਮੈਅਕਸ਼ ਦੀ,
ਸੰਝ ਪਈ, ਤੇ ਜੋ ਟੁੱਟ ਜਾਵੇ ।

ਅਜ਼ਬ ਰੀਤ ਹੈ ਤੇਰੇ ਸ਼ਹਿਰ ਦੀ,
ਲੁੱਟਦੈ, ਜੋ ਵੀ ਰਾਹ ਦਿਖਾਵੇ ।

ਮਾਂ - ਬਾਪ ਰੋਟੀ ਨੂੰ ਤਰਸਣ,
ਪੁੱਤਰ ਥਾਂ - ਥਾਂ ਲੰਗਰ ਲਾਵੇ ।

ਭਾਰ ਲਗੇ ਮੈਨੂੰ, ਮੇਰੀ ਜਵਾਨੀ,
ਜਦ ਕਲੀਆਂ ਤੇ, ਭੰਵਰਾ ਗਾਵੇ ।

ਕੀ ਸਾਧੂ, ਕੀ ਚੋਰ, ਉਚੱਕਾ,
ਮਾਇਆ ਸਭ ਨੂੰ, ਨਾਚ ਨਚਾਵੇ ।

'ਰਾਹੀ' ਦੀ ਪਿੱਠ ਸੁਣਦੀ, ਪਰ ਉਹ,
ਹਰ ਦੁਖੀਏ ਦਾ ਦੁੱਖ ਵੰਡਾਵੇ ।

ਦਿਲ ਦੀਆਂ ਗੱਲਾਂ, ਦਿਲ ਥੀਂ ਕਰਕੇ ।
ਰਾਤੀਂ ਰੋਵਾਂ ਮੈਂ, ਜੀ ਭਰਕੇ ।

ਮੁਨਸਿਫ਼ ਮੈਨੂੰ ਸਜਾ ਸੁਣਾਈ,
ਅੱਖਾਂ ਦੇ ਵਿਚ ਹੰਝੂ ਭਰਕੇ ।

ਲੋਕ ਨਿਠੱਲੇ ਗੁਰਬਤ ਰੋਵਣ,
ਦੋਸ਼ ਮੁਕੱਦਰ ਦੇ, ਸਿਰ ਧਰਕੇ ।

ਕਿਹੜਾ ਲੰਘੇ ਸ਼ਹੁ ਇਸ਼ਕ ਦਾ,
ਸੁਹਣੀ ਵਾਂਗੁ ਕੱਚੇ ਤਰਕੇ ।

ਉਲਟਾ ਹੈ ਇਹ, ਖੇਲ ਇਸ਼ਕ ਦਾ,
ਜਿੱਤ ਜਾਏ, ਜੋ ਵੇਖੇ ਹਰਕੇ ।

ਡਰਦੇ ਉਸ ਤੋਂ, ਸਾਰੇ 'ਰਾਹੀ',
ਜਿਉਂਦਾ, ਸੀਸ ਤਲੀ ਜੋ ਧਰਕੇ ।

✦

ਕੋਈ ਬਣਤ ਬਣਾ ਦੇ ਮੋਲਾ ।
ਸੁਤੜੇ ਭਾਗ, ਜਗਾ ਦੇ ਮੋਲਾ ।

ਕਰਿਸ਼ਮਾ ਕੋਈ ਦਿਖਾ ਦੇ ਮੋਲਾ ।
ਵਿਗੜੇ ਕੰਮ, ਬਣਾ ਦੇ ਮੋਲਾ ।

ਪਲ - ਪਲ ਮੰਗਾਂ, ਤੈਥੋਂ ਏਹੋ,
ਮੇਰੀ ਭੁੱਲ - ਭੁਲਾ ਦੇ ਮੋਲਾ ।

ਜਦ ਵੀ ਭੁੱਲਾਂ ਤੇਰੀ ਹਕੀਕਤ,
ਮੈਨੂੰ ਮੌਤ, ਸਜਾ ਦੇ ਮੋਲਾ ।

ਮੰਗਾਂ ਖੈਰ ਕਲੰਦਰ ਵਾਂਗੂ,
ਧਰਤੀ ਸਵਰਗ, ਬਣਾ ਦੇ ਮੋਲਾ ।

ਅਪਣਾ ਜਾਪੇ, ਹਰ ਕੋਈ ਮੈਨੂੰ,
ਐਸਾ ਜਾਮ, ਪਿਲਾ ਦੇ ਮੋਲਾ ।

ਦਰ-ਦਰ ਭਟਕੇ ਨਾ ਇਹ 'ਰਾਹੀ'।
ਐਸੀ ਰਾਹ, ਦਿਖਾ ਦੇ ਮੋਲਾ ।

❖

ਤਨ ਉਜਲਾ ਜੱਗ ਨੂੰ ਭਰਮਾਵੇ ।
ਮਨ ਉਜਲਾ ਸਾਈਂ ਮਨ ਭਾਵੇ ।

'ਸੀਸਾਂ ਲੈ ਜਾਉ ' ਸੀਸਾਂ ਬਦਲੇ,
ਗਲੀ - ਗਲੀ ਉਹ ਹੋਕਾ ਲਾਵੇ ।

ਪਾ ਲੈਂਦਾ ਜੋ ਦਰ ਮੁਰਸ਼ਦ ਦਾ,
ਫਿਰ ਉਹ ਕਿਸੇ ਵੀ ਦਰ ਨਾ ਜਾਵੇ ।

ਚਾਹਵਾਂ ਮੈਂ ਪਰ ਕਿਵੇਂ ਨਿਭਾਵਾਂ,
ਮਨ ਚੰਚਲ ਭਰਮਾ ਵਿਚ ਪਾਵੇ ।

ਸੱਚ ਕਹਾਣ ਸਿਆਣੇ ਕਹਿ ਗਏ,
''ਮੂੰਹ ਖਾਵੇ ਤੇ ਅੱਖ ਸ਼ਰਮਾਵੇ ।''

ਸੀਰਤ ਨਹੀਂ, ਸੂਰਤ ਦਾ ਚੰਗਾ,
ਜੱਗ ਸਾਰੇ ਨੂੰ ਠੱਗ ਕੇ ਖਾਵੇ ।

ਰੁੱਤ ਬਦਲੇ ਤਾਂ ਬਦਲੇ ਮੌਸਮ,
ਝੜ ਜਾਂਦੇ ਨੇ ਪੱਤਰ ਸਾਵੇ ।

ਕੰਮ ਜਿਆਦਾ ਹਰ ਇਕ ਨੂੰ 'ਰਾਹੀ'।
ਗਏ ਦਿਨਾਂ ਦੀ ਯਾਦ ਸਤਾਵੇ ।

ਓਸਦੇ ਖਿਡਾਉਣੇ, ਖੇਡ ਖੇਡਦਾ ਖਿਡਾਰੀ ਏ ।
ਕਿਸੇ ਨੂੰ ਬਣਾਵੇ ਦਾਤਾ, ਕਿਸੇ ਨੂੰ ਭਿਖਾਰੀ ਏ ।

ਦਿੰਦਾ ਹੈ ਖੁਰਾਕ ਭਾਵੇਂ, ਦਿਲ ਹੀ ਦਿਮਾਗ ਨੂੰ,
ਤਾਂ ਵੀ ਰਹਿੰਦਾ ਦਿਲ ਤੇ ਦਿਮਾਗ ਸਦਾ ਭਾਰੀ ਏ ।

ਚੰਗੀ - ਮੰਦੀ ਚੋਗ ਖੁਦ ਆਦਮੀ ਨੇ ਚੁੱਗਣੀ,
ਇੱਕੋ ਜਿਹੀ ਚੋਗ ਉਹਨੇ ਜੱਗ 'ਚ ਖਿਲਾਰੀ ਏ ।

ਚੀਥੜੇ ਲਪੇਟ ਜਿਸ ਕੱਟੀ ਸਾਰੀ ਜਿੰਦਗੀ,
ਵੇਖੋ ਉਹਦੀ ਅਜ ਯਾਰਾਂ, ਅਰਥੀ ਸ਼ਿੰਗਾਰੀ ਏ ।

ਖੁਦ ਹੀ ਉਗਾਏ ਬੰਦਾ ਫੱਲ-ਫੁੱਲ ਬੂਟੇ ਸਭ,
ਖੁਦ ਹੀ ਚਲਾਂਉਦਾ ਫਿਰ ਇਹਨਾਂ ਉਤੇ ਆਰੀ ਏ ।

ਪਲ ਦਾ ਭਰੋਸਾ ਨਹੀਂ, ਦਾਅਵੇ ਲੰਮੀ ਉਮਰਾਂ ਦੇ,
ਪਤਾ ਨਹੀਂ ਬੰਦੇ ਨੂੰ ਕਾਸ ਦੀ ਖੁਮਾਰੀ ਏ ।

ਲੱਖਾਂ ਏਥੇ ਆਏ, ਲੱਖਾਂ ਆਉਣਗੇ ਜਹਾਨ 'ਚ,
ਨਿਭਦੀ ਹੈ ਅੰਤ 'ਰਾਹੀ' ਮੌਤ ਨਾਲ ਯਾਰੀ ਏ ।

ਅਪਣੀ – ਅਪਣੀ ਬੋਲਣ ਬੋਲੀ ।
ਸਾਂਝੀ ਸਰਕਾਰ, ਭੰਡਾਂ ਦੀ ਟੋਲੀ ।

ਵਿਚ ਮਸਾਣਾਂ, ਸਾਰੇ ਇਕ ਨੇ,
ਕਾਹਦੀ ਰਾਣੀ, ਕਾਹਦੀ ਗੋਲੀ ।

ਨਿਕਲਿਆ ਤੂੰ, ਠਗ ਵਣਜਾਰਾ,
ਪ੍ਰੀਤ ਜੋ, ਚਾਂਦੀ ਪਲੜੇ ਤੋਲੀ ।

ਆਮ ਆਦਮੀ ਤੰਗ ਕਰਫਿਊ ਤੋਂ,
ਕਾਤਲ ਘੁੰਮਣ, ਬੰਨ – ਬੰਨ ਟੋਲੀ ।

ਮਾਣ ਉਨ੍ਹਾਂ ਦਾ, ਹੋਵੇ ਅਕਸਰ,
ਖੇਡਣ ਜਿਹੜੇ, ਖੂਨ ਦੀ ਹੋਲੀ ।

ਭੁਗਤਾਂਗਾ ਮੈਂ, ਸਾਰਾ ਜੀਵਨ,
ਢੋਲ ਬਜਾ ਕੇ, ਤੁਰ ਗਿਆ ਢੋਲੀ ।

ਸ਼ਾਲੂ – ਸੁਹਾਗ, ਰੋਣ ਕਲੀੜੇ,
ਜਦ ਮੁੰਡਿਆਂ ਦੀ, ਲੱਗੇ ਬੋਲੀ ।

ਜਦ ਵੀ ਦਿਲ ਤੋਂ ਹਾਰਾਂਗੇ ।
ਰੋ - ਰੋ ਜੂਨ ਗੁਜਾਰਾਂਗੇ ।

ਡਰ-ਡਰ ਕੇ ਤਨਹਾਈਆਂ ਤੋਂ,
ਖੁਦ ਨੂੰ ਖੁੱਦ ਪੁਕਾਰਾਂਗੇ ।

ਦਸ ਰੱਬਾ ਕਦ ਤੀਕ ਅਸੀਂ,
ਇੱਛਾਵਾਂ ਨੂੰ ਮਾਰਾਂਗੇ ?

ਕੁੱਖ 'ਚ ਮਾਰਕੇ, ਅਣਜੰਮੀ,
ਸਿਰ ਤੋਂ ਭਾਰ ਉਤਾਰਾਂਗੇ ।

ਪੁਤਰਾਂ ਤੋ ਨਾ ਘੱਟ ਧੀਆਂ,
ਕਦ ਤਕ ਸੱਚ ਨਕਾਰਾਂਗੇ ।

ਲੋੜ ਪਈ ਜਦ ਐ 'ਰਾਹੀ',
ਜਿੰਦ ਤੇਰੇ ਤੋਂ ਵਾਰਾਂਗੇ ।

✥

ਭੁੱਖ ਦੇ ਨਾਗੀਂ, ਡੰਗੇ ਲੋਕ ।
ਦਰ-ਦਰ ਭਟਕਣ ਚੰਗੇ ਲੋਕ ।

ਜਰਦਾਰਾਂ ਤੋਂ ਲੈਣਗੇ ਹੱਕ,
ਸੂਲੀ ਉਤੇ, ਟੰਗੇ ਲੋਕ ।

ਅਪਣਾ ਦੇਸ਼ ਤੇ ਅਪਣੇ ਲੋਕ,
ਫਿਰ ਵੀ ਕਰਦੇ ਦੰਗੇ ਲੋਕ ।

ਜਦ ਵੀ ਕਦੇ ਬਗਾਵਤ ਹੋਵੇ ?
ਕਰਦੇ ਭੁੱਖੇ ਨੰਗੇ ਲੋਕ ।

ਪੈਟ ਦੀ ਅੱਗ ਬੁਝਾਉਣ ਲਈ,
ਕਹਿਣ ਤੇ ਕਰਦੇ ਪੰਗੇ ਲੋਕ ।

ਭੁਲ ਕੇ ਅਪਣੀ ਸਭਿਅਤਾ ਨੂੰ,
ਪੱਛਮ ਦੇ ਰੰਗ ਰੰਗੇ ਲੋਕ ।

ਪਾਪ ਧੋਣ ਲਈ ਐ 'ਰਾਹੀ',
ਕਰਦੇ ਹਰ - ਹਰ ਗੰਗੇ ਲੋਕ ।

ਮਾਇਆ ਮਨ ਭਰਮਾਉਂਦੀ ਹੈ ।
ਸੌ - ਸੌ ਨਾਚ ਨਚਾਉਂਦੀ ਹੈ ।

ਜਿਸਦੇ ਵਿਹੜੇ ਜਾਂਦੀ ਏ,
ਅਪਣੇ ਰੰਗ ਵਿਖਾਉਂਦੀ ਹੈ ।

ਮਕੜੀ ਵਾਂਗੂ ਜਾਲ 'ਚ ਫਸਕੇ,
ਖੁਦ ਹੀ ਜਾਨ ਗੁਆਉਂਦੀ ਹੈ ।

ਠੱਗੀ, ਧੋਖਾ, ਹੇਰਾ ਫੇਰੀ,
ਇੱਜਤ, ਮਾਨ ਗੁਆਉਂਦੀ ਹੈ ।

ਪੂਜ ਲਕਸ਼ਮੀ ''ਸਿਆਹ ਸਫੈਦ'' ਕੀ,
ਹਰ ਦਿਲ ਨੂੰ ਜੋ ਭਾਉਂਦੀ ਹੈ ।

ਕਾਲੀ ਘਟਾ ਜਿਉਂ, ਕਾਲੀਆਂ ਜ਼ੁਲਫਾਂ ।
ਨਾਗਾਂ ਵਾਂਗੂ, ਪਾਲੀਆਂ ਜ਼ੁਲਫਾਂ ।

ਬਿੱਖਰੀਆਂ ਜਦ, ਨਾਲ ਸ਼ਰਾਰਤ,
ਮੋੜਿਆਂ ਮਸਾਂ, ਸਭਾਲੀਆਂ ਜ਼ੁਲਫਾਂ ।

ਸੱਪ ਬਣ ਕੇ, ਸੀਨੇ ਤੇ ਲੋਟਣ,
ਅਕਸਰ ਇਹ, ਮਤਵਾਲੀਆਂ ਜ਼ੁਲਫਾਂ ।

ਚੁਪਕੇ - ਚੁਪਕੇ ਡੰਗ ਚਲਾਵਣ,
ਲੱਗਣ ਭੋਲੀਆਂ, ਭਾਲੀਆਂ ਜ਼ੁਲਫਾਂ ।

ਸੱਪ, ਜੰਜੀਰ ਜਾਂ ਘਟਾ ਐ 'ਰਾਹੀ',
ਕਿਸ-ਕਿਸ ਰੂਪ 'ਚ, ਢਾਲੀਆਂ ਜ਼ੁਲਫਾਂ ।

ਦਿਮਾਗ ਖਾਲੀ, ਸ਼ੈਤਾਨ ਦਾ ਘਰ ।
ਤੇ ਦਿਲ ਖਾਲੀ, ਭਗਵਾਨ ਦਾ ਘਰ ।

ਕੋਈ ਸ਼ੱਕ ਨਹੀਂ ਇਸ ਵਿਚ ਕਿ,
ਕਬਰ, ਅੰਤ ਇਨਸਾਨ ਦਾ ਘਰ ।

ਹੀਲੇ ਲੱਖ - ਬਹਾਨੇ ਕਰ ਲਏ,
ਵਸਦਾ ਨਹੀਂ, ਬੇਈਮਾਨ ਦਾ ਘਰ ।

ਸਾਲਾਂ ਤਕ ਰਹੇ ਉਸ ਘਰ ਬੇਸ਼ਕ,
ਬਣ ਜਾਂਦਾ ਨੀ ਉਹ ਮਹਿਮਾਨ ਦਾ ਘਰ ।

ਮੰਗਣੈ ਤਾਂ ਰੱਬ ਕੋਲੋਂ ਮੰਗ,
ਮਦਦ ਸਕਿਆਂ ਦੀ, ਅਹਿਸਾਨ ਦਾ ਘਰ ।

ਰੂਹ ਗਿਰਵੀ, ਆਤਮਾ ਕਿਰਾਏਦਾਰ,
ਜਿਸਮ ਮਿਲਿਆ ਹੈ, ਦਾਨ ਦਾ ਘਰ ।

ਸਭ ਜਾਣਨ ਇਹ ਹਕੀਕਤ 'ਰਾਹੀ',
ਜੀਵਨ ਦੁੱਖਾਂ ਦੀ ਖਾਨ ਦਾ ਘਰ ।

ਆਪੇ ਹੱਸਾਂ ਰੋਵਾਂ, ਆਪੇ ਨੱਚਾਂ ਗਾਵਾਂ ।
ਆਪੇ ਅਪਣਾ ਮਾਤਮ ਕਰਕੇ, ਖੁਸ਼ੀ ਮਨਾਵਾਂ ।

ਮੇਰੀ ਹਰ ਰਚਨਾ ਹੈ, ਪਿਆਰੀ ਇਉਂ ਮੈਨੂੰ,
ਜਿੱਦਾਂ ਹਰ ਬਾਲ ਨੂੰ ਪਿਆਰਦੀਆਂ ਮਾਵਾਂ ।

ਕਲਮ ਨਾਲ ਪੁੱਟ, ਮੈਂ ਸੋਚਾਂ ਦਾ ਦਿਲ,
ਸ਼ਬਦਾਂ ਨੂੰ ਬੀਜਾਂ ਤੇ, ਕਵਿਤਾ ਉਗਾਵਾਂ ।

ਯਾਰ ਕੰਮ ਆਉਦੇ ਮੈਂ ਵੇਖੇ ਨੇ ਅਕਸਰ,
ਪਿੱਠ ਦਿੱਤੀ ਜਦ ਵੀ ਕਦੇ ਭਰਾਵਾ ।

ਖਵਰੇ ਕਿਉ, ਉਹ ਨੇ ਹੈ ਸਾੜ ਦਿੱਤੀ,
ਕਲ ਜਿਸ ਨਾਲ ਲਈਆਂ ਸੀ ਲਾਵਾਂ ।

ਗੈਰਾਂ ਨਹੀਂ ਮੈਨੂੰ ਤਾਂ, ਵੀਰਾਂ ਨੇ ਲੁਟਿਆ,
ਸੁਣਿਆ ਸੀ ਮਾਂ ਜਾਏ, ਹੁੰਦੇ ਨੇ ਬਾਂਵ੍ਹਾਂ ।

ਮੁਜਰਿਮ ਬਣ ਜਾਣ ਮੁਨਸਿਫ਼ ਜਦੋਂ ਤਾਂ,
ਕੌਣ ਦਵੇ ਮੁਜਰਮਾਂ ਨੂੰ ਸਜਾਵਾਂ ?

ਐਨੀ ਤੌਫੀਕ ਦੇ 'ਰਾਹੀ' ਨੂੰ ਰੱਬਾ !
ਜਦ ਵੀ ਝੁਕਾਵਾਂ, ਸਿਰ ਤੈਨੂੰ ਝੁਕਾਵਾਂ ।

✥

ਨਸੀਬ ਹੀ ਬੁਜਦਿਲਾਂ, ਦੀ ਢਾਲ ਹੈ ।
ਹੌਸਲੇ ਬਿਨ ਕਦਮ ਕਦਮ ਕਾਲ ਹੈ ।

ਅਫਸਰਾਂ ਤੋਂ ਅਰਦਲੀਆਂ ਤਕ ਯਾਰ ਜੀ,
ਫੈਲਿਆ ਰਿਸ਼ਵਤ ਦਾ ਮਕੜਜਾਲ ਹੈ ।

ਰਿਸ਼ਵਤ ਖੋਰ, ਦੇ ਕੇ ਰਿਸ਼ਵਤ ਛੁੱਟ ਗਿਆ,
ਅਜ ਦੇ ਇਹ ਵਕਤ ਦਾ ਕਮਾਲ ਹੈ ।

ਪੰਜ - ਦਿਨਾਂ ਵਿਚ ਲੁੱਟ ਸਕਦੇ ਹਾਂ ਦੇਸ਼,
ਸਾਡੇ ਕੋਲ ਤਾਂ ਵਕਤ ਪੰਜ ਸਾਲ ਹੈ ।

ਤਿਕੜਮ ਲੜਾ ਤੂੰ ਛੱਡ ਡਿਗਰੀਆਂ ਨੂੰ,
ਡਿਗਰੀਆਂ ਵਾਲਾ ਤਾਂ ਅਜ ਕੰਗਾਲ ਹੈ ।

ਅਨਪੜ੍ਹ ਵਜੀਰ ਦਾ, ਪੀ.ਏ.ਵਲੈਤ ਪਾਸ,
ਵੋਟ ਰਾਣੀ ਦਾ ਇਹ ਵੀ ਇਕ ਕਮਾਲ ਹੈ ।

ਸਾਰਾ ਦਿਨ ਮਜਦੂਰੀ ਕਰਕੇ ਵੀ 'ਰਾਹੀ',
ਲੈ ਨਹੀਂ ਸਕਦਾ ਇਕ ਕਿੱਲੋ ਵੀ ਦਾਲ ਹੈ ।

ਜਿਸ ਦਿਲ ਵਿਚ ਸੀ ਤੇਰਾ ਬਸੇਰਾ ।
ਅਜਕਲ ਉੱਥੇ ਗਮ ਦਾ ਡੇਰਾ ।

ਵੈਰੀ ਦੇ ਜਿੱਤਣ ਵਿਚ ਯਾਰਾ,
ਸਾਰੇ ਆਖਣ, ਹੱਥ ਹੈ ਤੇਰਾ ।

ਹਾਰ ਕਦੋਂ ਮੰਨਦਾ ਹੈ ਦੀਪਕ,
ਜਿੰਨਾ ਮਰਜੀ ਘੁੱਪ ਹਨੇਰਾ ।

ਸੂਰਮਿਆਂ ਦੀ ਪਰਖ ਹੈ ਹੁੰਦੀ,
ਜਦ ਪੈ ਜੇ ਦੁਸ਼ਮਣ ਦਾ ਘੇਰਾ ।

ਸਮਝੋ ਲੋਅ ਹੈ ਪਿੱਠ ਦੇ ਪਿੱਛੇ,
ਜਦ ਸਾਇਆ ਹੋ ਜਾਵੇ ਲਮੇਰਾ ।

'ਰਾਹੀ' ਕਿਸੇ ਨੂੰ ਪਰਖ ਨਾ ਐਵੇਂ,
ਅਪਣਾ – ਅਪਣਾ ਸਭ ਦਾ ਜੇਰਾ ।

✥

ਕਹਿ ਗਏ ਸਚ ਇਹ ਸੁਘੜ ਸਿਆਣੇ ।
ਖਰੇ - ਬੁਰੇ ਦਿਨ ਆਣੇ ਜਾਣੇ ।

ਜਿੰਨੀ ਪ੍ਰਾਣ ਪਵੇ ਤਾਂ ਚੰਗੇ,
ਪੁਸਤਕ, ਦਾਰੂ, ਮੀਤ ਪੁਰਾਣੇ ।

ਫੇਰ ਦਿਨਾਂ ਦਾ ਹੁੰਦੈ ਯਾਰੋ,
ਕੱਲ ਦਾ ਸੇਠ, ਰਾਖ ਪਿਆ ਛਾਣੇ ।

ਬੇਬਸ ਬੰਦਾ, ਆਖੇ ਆਖਰ,
ਮਿੱਠੇ ਲੱਗਣ, ਤੇਰੇ ਭਾਣੇ ।

ਨਿੱਕਾ ਬੀਜ, ਬੀਜ ਵਿਚ ਬੂਟਾ,
ਉਸ ਦੀਆਂ ਕੇਵਲ ਉਹੀਓ ਜਾਣੇ ।

'ਰਾਹੀ' ਮਸਤ, ਫਕੀਰ ਤੇ ਤੀਵੀਂ,
ਹਰ ਪਲ ਬਦਲੇ ਅਪਣੇ ਬਾਣੇ ।

ਠੱਠਾ ਨਹੀਂ ਹੈ ਸੱਚ ਕਹਾਣ ਮੀਆਂ ।
ਮੂੰਹ ਖਾਵੇ ਤੇ ਅੱਖਾਂ ਸ਼ਰਮਾਣ ਮੀਆਂ ।

ਕੀ ਖਟਿਆ ਸਾਹਿਬਾਂ ਭਾਈਆਂ ਖਾਤਰ,
ਤਰਕਸ਼ ਜੰਡ ਟੰਗਿਆ, ਤੋੜੇ ਬਾਣ ਮੀਆਂ ।

ਮੋੜ ਲੈਣਗੇ ਮੂੰਹ, ਮੂੰਹ ਲੱਗ ਸਾਰੇ,
ਜਦੋਂ ਸੋਵੇਂਗਾ, ਲੰਮੀਆਂ ਤਾਣ ਮੀਆਂ ।

ਸਜਾ ਉਹਨਾਂ ਨੂੰ ਆਖਰ ਜਰੂਰ ਮਿਲਦੀ,
ਜ਼ੁਲਮ ਜੋ ਗਰੀਬ ਤੇ ਢਾਣ ਮੀਆਂ ।

ਬੇਮੇਲ ਸਾਥ ਨਾ, ਓੜਕ ਨਿਭੇ,
ਹਾਣ ਚਾਹੁੰਦਾ ਏ, ਆਪਣਾ ਹਾਣ ਮੀਆਂ ।

ਤੌਫੀਕ ਹੈ, ਕੇਵਲ ਪੇਂਡੂ ਵਿਰਸੇ ਥੀਂ,
ਧੀ ਇਕ ਦੀ, ਪਿੰਡ ਦੀ ਧਿਆਣ ਮੀਆਂ ।

ਛਾਣਦੇ ਖਾਕ, ਉਹ ਗਲੀਆਂ 'ਚ ਵੇਖੇ ਮੈ,
ਪਾਣੀ ਪੀਂਦੇ ਸੀ ਜਿਹੜੇ, ਛਾਣ ਮੀਆਂ ।

ਪੈਸਾ ਧਰਮ, ਇਮਾਨ, ਬਣਿਆ, ਜਾਤ ਗੋਤ,
ਮਿਲ ਕੇ 'ਰਾਹੀ' ਨੂੰ ਲੈ-ਲਉ ਪ੍ਰਮਾਣ ਮੀਆਂ ।

ਜਦ ਅਰਸ਼ਾਂ ਤੇ ਚੰਨ ਮੁਸਕਾਵੇ ।
ਚੰਨ ਮੇਰਾ ਮੈਨੂੰ, ਚੇਤੇ ਆਵੇ ।

ਕਿਸ ਦੀ ਆਮਦ ਹੋਈ ਘਰ ਵਿਚ,
ਕੋਣਾ - ਕੋਣਾ ਮਹਿਕਦਾ ਜਾਵੇ ।

ਰੂਹ ਮੁਰਝਾਏ, ਇਸ ਤਤੱੜੀ ਦੀ,
ਜਦ ਵੀ ਮੌਲਣ ਪੱਤਰ ਸਾਵੇ ।

ਉਲਝ ਗਿਆ ਇੰਜ ਤਾਣਾ ਬਾਣਾ,
ਮੈਂ ਦਿਲ ਨੂੰ ਦਿਲ ਮੈਨੂੰ ਸਮਝਾਵੇ ।

ਕੋਈ ਕੁਝ ਵੀ ਕਰ ਨਹੀਂ ਸਕਦਾ,
ਕਰਤਾ ਆਪੇ ਕਰੇ ਕਰਾਵੇ ।

ਭੁੱਖ ਦੀ ਅੱਗ ਹੈ, ਦੋਜ਼ਖ ਦੀ ਅੱਗ,
ਜਿਸ ਵਿਚ ਹਰ ਰਿਸ਼ਤਾ ਜਲ ਜਾਵੇ ।

ਵਕਤ-ਬੇ-ਵਕਤ ਦਾ ਰਾਗ ਐ 'ਰਾਹੀ',
ਕੌਣ ਹੈ ਸੁਣਦਾ, ਕੌਣ ਹੈ ਗਾਵੇ ।

ਅੱਖ, ਕੰਨ ਬੰਦ, ਤੇ ਬੁੱਲ੍ਹੀ ਤਾਲੇ ।
ਜਾਬਰ ਦੇ ਨੇ ਹੁਕਮ ਨਿਰਾਲੇ ।

ਦੇ - ਦੇ ਇਜੱਤ ਮਾਣ, ਅਸਾਂ ਖੁਦ,
ਗੁੰਡੇ, ਚੋਰ - ਲੁਟੇਰੇ ਪਾਲੇ ।

ਮੰਤਰੀਆਂ ਤੋਂ ਵਧ ਜੋਰਾਵਰ,
ਭਾਈ - ਭਤੀਜੇ, ਜੀਜੇ - ਸਾਲੇ ।

ਦਿਨ ਰਾਤ ਉਹ ਕਰਨ ਤਰੱਕੀ,
ਕਰਦੇ ਜਿਹੜੇ ਧੰਦੇ ਕਾਲੇ ।

ਕਰਨ ਸਿਆਸਤ, ਲਾਸ਼ਾਂ ਉੱਤੇ,
ਅਪਣੇ - ਅਪਣੇ ਚੰਡਦੇ ਫਾਲੇ ।

ਅਪਣੇ ਕੀ ਬੇਗਾਨੇ, ਅਪਣੇ,
ਕਦ ਬਣਦੇ, ਸਭ ਵੇਖੇ - ਭਾਲੇ ।

ਘਰ ਕਦੇ ਉਹ ਵਸਣ ਨਾ 'ਰਾਹੀ',
ਜਿਹਨਾਂ ਘਰਾਂ ਦੇ ਚੋਰ ਨੇ ਤਾਲੇ

ਯਾਦ ਤੇਰੀ ਨੇ ਪਾਏ ਪੁਆੜੇ ।
ਜਿਉਂਦੇ ਜੀ ਅਸੀਂ ਸੂਲੀ ਚਾੜ੍ਹੇ ।

ਅੱਗ ਲਾਉਣੀ ਹੈ, ਉਸ ਦੀਵੇ ਨੂੰ,
ਜਿਹੜਾ ਦੀਵਾ, ਘਰ ਨੂੰ ਸਾੜੇ ।

ਬੇਮਾਅਨੇ ਉਸ ਪੱਥਰ ਮੂਹਰੇ,
ਹੰਝੂ, ਹਉਂਕੇ, ਤਰਲੇ, ਹਾੜੇ ।

ਵਕਤੀ ਹੈ ਇਹ ਫੇਰ ਵਕਤ ਦਾ,
ਬੀਤ ਜਾਣਗੇ, ਦਿਨ ਇਹ ਮਾੜੇ ।

ਸਤਗੁਰ ਨਦਰ ਕਰੇ ਤਾਂ ਯਾਰੋ,
ਕੌਣ ਕਿਸੇ ਦਾ ਕੀ ਵਿਗਾੜੇ ?

ਭੁੱਖੇ ਵਲ ਤੂੰ ਵੇਖ ਐ 'ਰਾਹੀ',
ਐਵੇਂ ਏਦਾਂ ਮਾਰ ਨਾ ਧਾੜੇ ।

ਅਪਣੀ ਕੀਤੀ ਆਪ ਹੀ ਪਾਵਾਂ ।
ਦੂਜੇ ਸਿਰ ਕਿਉਂ ਦੋਸ਼ ਮੈਂ ਲਾਵਾਂ ?

ਮੈਨੂੰ ਵੀ ਤਾਂ ਹੱਕ ਹੈ ਯਾਰੋ,
ਮੈਂ ਵੀ ਗੀਤ ਪਿਆਰ ਦੇ ਗਾਵਾਂ ।

ਖਿਆਲਾਂ ਵਿਚ ਨਿੱਘ ਮਾਣਾਂ ਉਸਦਾ,
ਉਸ ਦੀਆਂ ਖੁਸ਼ਬੋਈਆਂ ਸੰਗ ਨਾਵ੍ਹਾਂ ।

ਕੀ ਜਾਣੋ ਤੁਸੀ, ਦਰਦ ਓਸਦਾ,
ਜਿਸਨੂੰ ਲੁੱਟਿਆ, ਸਕੇ ਭਰਾਵਾਂ ।

ਮੋਬਾਇਲ ਦੇ ਨੰਬਰਾਂ ਓਹਲੇ,
ਗੁੰਮ ਗਿਐ ਸਭ ਦਾ ਸਰਨਾਵਾਂ ।

ਆਉਂਦੇ ਹੀ ਹੋਣੇ ਨੇ ਰਾਹ ਵਿਚ,
ਏਦਾਂ ਕਹਿ ਕਹਿ ਦਿਲ ਪਰਚਾਵਾਂ ।

ਇਸ਼ਕ ਨੇ 'ਰਾਹੀ' ਝੱਲਾ ਕੀਤਾ,
ਅਪਣੇ ਸੋਹਲੇ ਆਪ ਮੈਂ ਗਾਂਵਾ ।

ਬਦਨ ਹੈ ਮੋਮ ਦਾ ਤੇ ਸਿਰ ਉੱਤੇ ਅੱਗ ਹੈ ।
ਸ਼ਮਾ ਦਾ ਨਸੀਬ ਯਾਰੋ ਜੱਗ ਤੋਂ ਅਲੱਗ ਹੈ ।

ਰਹਿਬਰ ਹੈ ਜਾਂ ਰਹਿਜਨ, ਪਤਾ ਨਾ ਲੱਗੇ ਕੁਝ,
ਸਾਧੂ ਹੈ ਕੌਣ, ਇੱਥੇ ਕੌਣ ਇੱਥੇ ਠੱਗ ਹੈ ।

ਫਟੇ ਹਾਲ ਕਿਰਤੀ ਹੈ ਕੰਮ ਕੋਈ ਲੱਭੇ ਨਾ,
ਪੈਰਾਂ ਤੋਂ ਏ ਨੰਗਾ ਅਤੇ ਗਲ ਵਿਚ ਪੱਗ ਹੈ ।

ਧਰਮ ਪਿੱਛੇ ਭੱਜਦੇ ਇਉਂ ਪੜ੍ਹੇ-ਲਿਖੇ ਲੋਕ ਵੀ,
ਇਕ ਦੂਜੇ ਮਗਰ ਜਿਵੇਂ ਭੇਡਾਂ ਦਾ ਵੱਗ ਹੈ ।

ਵੱਕਤੀ ਉਬਾਲ ਹੈ ਜੀ ਗੁੱਸਾ ਗਰੀਬ ਦਾ,
ਤੇ ਜੋਸ਼ ਵੀ ਇਹਨਾਂ ਦਾ, ਸਮੁੰਦਰ ਦੀ ਝੱਗ ਹੈ।

ਰੱਚਦੇ ਇਤਿਹਾਸ ਨੇ ਜਿਹੜੇ ਸੂਰਵੀਰ 'ਰਾਹੀ',
ਉਹਨਾਂ ਤਾਈਂ ਪੂਜਦਾ ਇਹ, ਉਹ ਜੱਗ ਹੈ ।

ਨਜ਼ਰੋਂ ਦੂਰ ਦਿਲਾਂ ਦੇ ਨੇੜੇ ।
ਰੂਹ ਨੇ ਜਿਹੜੇ ਯਾਰ ਸਹੇੜੇ ।

ਜੋਗ ਕਮਾ ਕੀ ਖੱਟਿਆ ਰਾਂਝੇ ?
ਹੀਰ ਵਿਆਹ ਕੇ, ਲੈ ਗਏ ਖੇੜੇ ।

ਆਖਰ ਸੱਭ ਕੁਝ ਛੱਡ ਜਾਣਾ ਤਾਂ,
ਬੇਮਤਲਬ ਨੇ ਝਗੜੇ ਝੇੜੇ ।

ਚੁਪਕੇ ਚੁਪਕੇ ਹੀ ਉਗ ਆਇਆ,
ਪਿਆਰ ਦਾ ਬੂਟਾ, ਦਿਲ ਦੇ ਵਿਹੜੇ ।

ਨਾਲ ਲਹੂ ਦੇ ਜੀ ਇਸ਼ਕ ਦਾ,
ਰਗ - ਰਗ ਦੇ, ਵਿਚ ਖਾਵੇ ਗੇੜੇ ।

ਮੁੜ ਉਹਦਾ ਦੀਦਾਰ ਨਾ ਹੋਇਆ,
ਲੱਖ ਪਲਕਾਂ ਦੇ ਬੂਹੇ ਭੇੜੇ ।

ਸੁਣਕੇ ਛਮ - ਛਮ ਹੰਝੂ ਡੁੱਲਣ,
ਗ਼ਮ ਦੇ ਰਾਗ ਜਾਂ 'ਰਾਹੀ' ਛੇੜੇ ।

ਸੁੰਨਾ ਮੈ-ਕਦਾ, ਖਾਲੀ ਪਿਆਲੇ ।
ਟੁਰ ਗਏ ਪੀ ਕੇ, ਪੀਵਣ ਵਾਲੇ ।

ਭੁੱਖੇ ਬੱਚੇ, ਬਾਪ ਸ਼ਰਾਬੀ ।
ਅੱਖੀਂ ਪਾਣੀ, ਬੁਲ੍ਹੀਂ ਤਾਲੇ ।

ਬਟਣ ਖੋਲ ਕੇ, ਕਾਲਰ ਚੁੱਕ ਕੇ,
ਬਣਦੇ ਨਾਢੂ – ਖਾਂ ਦੇ ਸਾਲੇ ।

ਬਿਉਂਤ ਪੀਣ ਦੀ, ਘੜਨੇ ਖਾਤਿਰ,
ਹਰਦਮ ਕਰਦੇ, ਨਵੇਂ ਹੀ ਚਾਲੇ ।

ਦੇ ਕੇ ਰਿਸ਼ਵਤ ਬਰੀ ਹੋ ਗਿਆ,
ਸੌ-ਸੌ ਕਰਕੇ, ਘਾਲੇ-ਮਾਲੇ ।

ਗੱਲਾਂ ਵਿਚ ਉਲਝਾਉਣਾ ਜਾਣੇ,
ਤਰਕ ਓਸਦੇ ਮਕੜੀ – ਜਾਲੇ ।

ਗ਼ਮ ਸਾਡੇ ਹਮਸਾਏ 'ਰਾਹੀ',
ਖ਼ੂਨ ਜਿਗਰ ਦਾ, ਦੇ-ਦੇ ਪਾਲੇ ।

❖

ਕੱਲਿਆਂ ਤੈਨੂੰ ਪਾਵਾਂ ਮੈਂ ।
ਗਲ਼ ਤੇਰੇ, ਲਗ ਜਾਵਾਂ ਮੈਂ ।

ਪਿਆਰ ਦੀ ਚਿੱਠੀ, ਹੋਵੇਂ ਤੂੰ,
ਬਣ ਜਾਵਾਂ ਸਰਨਾਵਾਂ ਮੈਂ ।

ਅਪਣੇ ਵਿਚ ਕੋਈ ਫਰਕ ਨਹੀਂ,
ਤੂੰ ਏ ਬੁੱਤ ਪਰਛਾਵਾਂ ਮੈਂ ।

ਦੂਜਾ ਸਾਹ ਵੀ ਆਵੇ ਨਾ,
ਜੇ ਤੈਨੂੰ ਭੁੱਲ ਜਾਵਾਂ ਮੈਂ ।

ਜਿੱਥੇ ਪੈਰ ਧਰੇ ਉਹ ਯਾਰ,
ਮਖ਼ਮਲ ਬਣ ਵਿਛ ਜਾਂਵਾ ਮੈਂ ।

ਦਿਲ ਕਰਦੈ, ਤੈਨੂੰ ਬਾਹਾਂ ਵਿਚ,
ਪੀਂਘ ਦੇ ਵਾਂਗ, ਝੁਲਾਵਾਂ ਮੈਂ ।

ਚੰਨਾ ਤੈਨੂੰ ਮਿਲਣ ਲਈ,
ਸੌ - ਸੌ ਭੇਖ ਰਚਾਵਾਂ ਮੈਂ ।

ਝਲਕ ਤੇਰੀ ਇਕ ਪਾਣ ਲਈ,
ਜੋਗੀ ਬਣ ਬਣ ਆਵਾਂ ਮੈਂ ।

ਮੇਰੀਆਂ ਗਜ਼ਲਾਂ ਮੇਰੇ ਗੀਤ ।
ਮੇਰੇ ਸਾਥੀ, ਮੇਰੇ ਮੀਤ ।

ਯਾਦਾਂ ਬਿੱਛੂ ਬਿਸ਼ੀਅਰ ਨਾਗ,
ਡੰਗਣ ਬਣ ਕੇ, ਮੇਰਾ ਅਤੀਤ ।

ਪਿਆਰ, ਮੁਹਬਤ, ਕਹਾਣੀਆਂ, ਕਿੱਸੇ,
ਝੂਠੇ ਵਾਅਦੇ, ਝੂੱਠੀ ਪ੍ਰੀਤ ।

ਸਭ ਤੋਂ ਵੱਡੀ, ਹੈ ਦੁਨੀਆਂ ਵਿਚ,
ਮਨ ਦੀ ਹਾਰ, ਮਨ ਦੀ ਜੀਤ ।

ਰੀਤ ਆਸ਼ਕਾਂ, ਪਿਆਰ ਨਿਭਾਉਣਾ,
ਪਿਆਰ ਮਿਟਾਉਣਾ, ਜੱਗ ਦੀ ਰੀਤ ।

ਭੈੜਾਂ ਭਰਿਆ, ਬੰਦਾ ਲੇਕਿਨ,
ਸਭ ਤੋਂ ਭੈੜੀ, ਮਾੜੀ ਨੀਤ ।

ਤਨ ਤੰਬੂਹਾ, ਤੇ ਸਾਹ ਤਾਰਾਂ,
ਧੜਕਨ ਜੀਵਨ, ਗੀਤ ਸੰਗੀਤ ।

ਖੁਸ਼ੀਆਂ ਲਭਦਾ ਏਂ, ਜੇ 'ਰਾਹੀ',
ਭੁਲ ਜਾ ਉਸਨੂੰ, ਗਿਆ ਜੋ ਬੀਤ ।

ਰੱਬ ਤਾਈਂ ਜੋ ਪਿਆਰੇ ਹੋ ਗਏ ।
ਦੂਰ ਗਗਨ ਦੇ ਤਾਰੇ ਹੋ ਗਏ ।

ਦਿਲਬਰ ਜਾਨੀ ਟੁਰ ਗਏ ਜਦ ਤੋਂ,
ਆਪਾਂ ਵੀ ਵਣਜਾਰੇ ਹੋ ਗਏ ।

ਜੋ ਸੀ ਅਪਣਾ-ਅਪਣਾ ਕਹਿੰਦੇ,
ਉਹੀਓ ਹੀ, ਹਤਿਆਰੇ ਹੋ ਗਏ ।

ਸੋਨੇ ਜਿਹੇ ਅਸੂਲ ਉਹ ਤੇਰੇ,
ਅੱਜ ਨੇ ਇੱਟਾਂ-ਗਾਰੇ ਹੋ ਗਏ ।

ਜਿਸ ਵੀ, ਤੇਰੀ ਝੋਲੀ ਚੁੱਕੀ,
ਉਸਦੇ ਵਾਰੇ-ਨਿਆਰੇ ਹੋ ਗਏ ।

ਤੇਰੇ ਜਾਣ ਦੇ, ਪਿਛੋਂ ਯਾਰਾ,
ਗੈਰ ਨੇ ਗਾਮੇ-ਦਾਰੇ ਹੋ ਗਏ ।

ਕਲ ਖਾਂਦੇ ਸੀ, ਸਾਡੀਆਂ ਕਸਮਾਂ,
ਅੱਜ ਬੋਲਣ ਤੋਂ ਭਾਰੇ ਹੋ ਗਏ ।

ਖੁਦਗਰਜੀ ਦੇ ਦੋਰ 'ਚ 'ਰਾਹੀ',
ਛੱਡ ਕੇ ਸਭ ਕਿਨਾਰੇ ਹੋ ਗਏ ।

ਇੱਲ ਦੇ ਆਲ੍ਹਣੇ ਚੋਂ, ਮਮੀਰ ਲੱਭਦੇ ਹੋ ?
ਅਜ ਕੱਲ ਤੇ ਲੀਡਰਾਂ ਦੀ ਜਮੀਰ ਲੱਭਦੇ ਹੋ ?

ਨਾ ਸਿਰ ਤੇ ਦੁਪੱਟਾ, ਨਾ ਤਨ ਤੇ ਨੇ ਕਪੜੇ,
ਇਹਨਾਂ ਫੈਸ਼ਨ ਮਾਰੀਆਂ ਚੋ ਹੀਰ ਲਭਦੇ ਹੋ ।

ਕਾਰਾਂ 'ਚ ਚਲਦੇ, ਜਹਾਜਾ ਚ ਉੱਡਦੇ ਜੋ,
ਅਜ ਕੱਲ ਦੇ ਬਾਬਿਆਂ ਚੋਂ, ਫਕੀਰ ਲੱਭਦੇ ਹੋ ।

ਅੱਜਕਲ ਦੇ ਬੱਚਿਆਂ ਤੋਂ, ਇੱਜ਼ਤ-ਮਾਣ, ਸੇਵਾ,
ਇਹ ਤਾਂ ਇੰਝ ਹੈ ਜਿਵੇਂ, ਪਾਣੀ ਤੇ ਲਕੀਰ ਲੱਭਦੇ ਹੋ ।

ਜਿਸਮਾਂ ਦੇ ਵਪਾਰੀਓ ਇਨ੍ਹਾਂ ਕੋਠਿਆਂ ਤੇ ਆਕੇ,
ਬੜੇ ਨਾਸਮਝ ਹੋ ਜੋ ਹਮਸ਼ੀਰ ਲੱਭਦੇ ਹੋ ।

ਕਿੱਥੇ ਦਾ ਸਭਿਆਚਾਰ, ਕਿੱਥੇ ਦਾ ਵਿਰਸਾ 'ਰਾਹੀ',
ਸੁੱਕਿਆਂ ਥਲਾਂ ਚੋਂ, ਕਿਹੜਾ ਨੀਰ ਲੱਭਦੇ ਹੋ ?

ਧਰਮ ਨਾਲ ਨਹੀਂ, ਤਰਕ ਦਾ ਮੇਲ ।
ਇਕ ਅਗਨੀ ਹੈ, ਦੂਜਾ ਤੇਲ ।

ਵਿਸ਼ ਤੋਂ ਘਾਤਕ, ਕੜਵੀ ਬਾਣੀ,
ਸ਼ਬਦ ਹੈ ਪੱਥਰ, ਜੀਭ ਗੁਲੇਲ ।

ਜਬਰਣ ਜੀਣਾ ਨਾਲ ਕਿਸੇ ਦੇ,
ਰੂਹ ਕੈਦੀ ਤੇ ਜਿਸਮ ਹੈ ਜੇਲ ।

ਘੜ ਘੜ ਕੇ ਬੁਤ, ਭਾਂਤ ਭਾਂਤ ਦੇ,
ਖੇਲ ਰਿਹਾ ਰਬ ਅਪਣੇ ਖੇਲ ।

ਨਫ਼ਰਤ ਫੈਲ ਰਹੀ ਜੱਗ ਅੰਦਰ,
ਰੋਹੀ ਜਿਉਂ ਵਿਚ ਕੌੜੀ ਵੇਲ ।

ਧਰਮ ਤਾਂ ਐਸਾ ਜਿੰਨ ਹੈ ਜਿਸ ਤੋਂ
ਥਰ ਥਰ ਕੰਬੇ ਰੂਹ-ਚੁੜੇਲ ।

ਸਿੱਲੀਆਂ-ਸਿੱਲੀਆਂ ਧੁਖਦੀਆਂ ਗੱਲਾਂ,
ਭਰੇ - ਪੇਟ ਜਿਉਂ ਭੁੱਖ ਦੀਆਂ ਗੱਲਾਂ ।

ਔਰਤ ਨੂੰ ਹੀ ਦੋਸ਼ੀ ਸਮਝਣ,
ਕਰਕੇ ਸੱਖਣੀ ਕੁੱਖ ਦੀਆਂ ਗੱਲਾਂ ।

ਫੁਸ-ਫੁਸ ਕਰਨ ਇਉਂ ਦਾਜ ਦੇ ਲੋਭੀ,
ਲੱਕੜ ਹਾਰਾ ਜਿਉਂ ਰੁੱਖ ਦੀਆਂ ਗੱਲਾਂ ।

ਕੁਝ ਕਹੀਆਂ, ਅਣਕਹੀਆਂ ਦਿਲ ਵਿਚ,
ਕਿਸ ਥੀਂ ਕਰੀਏ ਦੁਖ ਦੀਆਂ ਗੱਲਾਂ ?

ਪਲ ਦੇ ਵਿਚ, ਘਰ ਬਾਰ ਉਜਾੜਣ,
ਚੁਗਲਖੋਰ ਦੇ ਮੁੱਖ ਦੀਆਂ ਗੱਲਾਂ ।

ਸਭਨੂੰ ਸੁੱਖ ਵਰਤਾਣ ਜੋ 'ਰਾਹੀ',
ਆ ਕਰੀਏ ਉਹ ਸੁਖ ਦੀਆਂ ਗੱਲਾਂ ।

ਆਪ ਕਰੇ ਉਹ ਆਪ ਕਰਾਵੇ ।
ਆਪ ਬਣਾਵੇ ਆਪ ਮਿਟਾਵੇ ।

ਓਹੀਉ ਕਰੇ ਜੋ ਵੀ ਉਸ ਭਾਵੇ ।
ਘੱਲੇ ਆਵੇ, ਸੱਦਿਆਂ ਜਾਵੇ ।

ਮਾਨਸ ਉਤਨੀ ਜਿਊਣ ਹੰਡਾਵੇ,
ਜੋ ਮਾਲਕ ਤੋਂ ਲੈ ਕੇ ਆਵੇ ।

ਓਹੀ ਦੇਵੇ, ਓਹੀ ਵੰਡੇ,
ਹਰ ਕੋਈ ਅਪਣਾ ਹਿੱਸਾ ਪਾਵੇ ।

ਅਪਣੀ ਕਰਨੀ, ਆਪੇ ਭਰਨੀ,
ਕਿਉਂ ਕਿਸੇ ਸਿਰ, ਦੋਸ਼ ਲਗਾਵੇ ?

ਦੁਨੀਆਂ ਆਖੇ ਪਾਗਲ ਪਾਗਲ,
ਮਸਤ-ਕਲੰਦਰ, ਨੱਚੇ ਗਾਵੇ ।

ਕਰਦੇ ਵੇਖ ਕੇ ਬਾਲ ਮਜੂਰੀ,
ਮਨ ਰੋਵੇ, ਤੇ ਰੂਹ ਕੁਰਲਾਵੇ ।

ਜੀਵਨ ਖੂਹ ਦੀ ਮਾਲ ਤਰ੍ਹਾਂ ਹੈ,
ਇਕ ਆਵੇ, ਇਕ 'ਰਾਹੀ' ਜਾਵੇ ।

ਸੱਚ ਕਹਿਣ ਇਹ ਸਿਆਣੇ ਲੋਗ ।
ਮਾੜਾ ਢੱਗਾ, ਛੱਤੀ ਰੋਗ ।

ਵਕਤੀ ਪਿਆਰ, ਸਿਰੇ ਨਹੀਂ ਚੜਦਾ,
ਧਰਿਆ ਰਹਿ ਜਾਂਦਾ ਏ ਜੋਗ ।

ਮੰਨਿਆ ਨਾ ਉਹ, ਤੁਰ ਗਿਆ ਛਡਕੇ,
ਸਾਹਾਂ ਦੀ ਵੀ ਪਾਈ ਚੋਗ ।

ਜਿਸਮਾਂ ਦਾ ਨਹੀਂ ਰੂਹਾਂ ਦਾ ਤਾਂ,
ਮੇਲ ਹੈ ਨਦੀ ਨਾਮ ਸੰਜੋਗ ।

ਅਕਸਰ ਪਿਆਰ-ਮੁਹੱਬਤ ਅਜਕਲ,
ਬਣ ਜਾਂਦਾ ਏ, ਦਿਲ ਦਾ ਰੋਗ ।

'ਰਾਹੀ' ਦਿਲ ਵਿਚ ਹੀ ਦਫਨਾ ਦੇ,
ਮੋਈਆਂ ਸਧਰਾਂ ਦਾ ਕੀ ਸੋਗ ।

✥

ਤਖਤ ਹਜਾਰਾ, ਮਿਲਦਾ ਨਹੀਂ ਸਿਆਲਾਂ ਨਾਲ ।
ਦਰਿਆ ਕਦੇ ਵੀ ਵਹਿੰਦੇ ਨਹੀਂ ਖਿਆਲਾਂ ਨਾਲ ।

ਤੂੰ ਸਮਝੇਂ ਇਹ ਮਹਜ ਹੈ, ਟੁਕੜਾ ਕਪੜੇ ਦਾ,
ਪਿਆਰ ਪਨਪਦੇ ਵੇਖੇ ਅਸੀਂ ਰੁਮਾਲਾਂ ਨਾਲ ।

ਕੌੜੀ ਬੋਲੀ ਹੱਲ ਨਹੀਂ ਕਿਸੇ ਵੀ ਮਸਲੇ ਲਈ,
ਸਮਝਾਈ ਜਾ ਸਕਦੀ ਗੱਲ ਮਿਸਾਲਾਂ ਨਾਲ ।

ਕੇਵਲ ਮਿਹਨਤ ਨਾਲ ਹੀ ਕੌਮਾ ਵਧਣ ਅਗਾਂਹ,
ਦੇਸ਼ ਉਸਾਰੇ ਜਾ ਨਾ ਸਕਣ ਕਮਾਲਾਂ ਨਾਲ ।

ਜੀਵਨ ਆਖਰ ਜੀਵਨ ਹੈ, ਸ਼ਤਰੰਜ ਨਹੀਂ,
ਇਹ ਕੇਵਲ ਨਹੀਂ ਚਲ ਸਕਦਾ ਹੈ ਚਾਲਾਂ ਨਾਲ ।

ਉਹਨਾਂ ਤੋਂ ਉਮੀਦ ਕੀ ਵਤਨ-ਪਰਸਤੀ ਦੀ,
ਸਾਂਝ ਜਿਨ੍ਹਾਂ ਦੀ 'ਰਾਹੀ' ਫਕਤ ਕਲਾਲਾਂ ਨਾਲ ।

ਓਹੋ ਹੈਨ ਚੰਗੇਰੀਆਂ ਗੱਲਾਂ,
ਜੋ ਹਨ ਤੇਰੀਆਂ ਮੇਰੀਆਂ ਗੱਲਾਂ ।

ਹੋਰ ਕੋਈ ਕਦ ਕਰ ਸਕਦਾ ਹੈ,
ਤੇਰੀਆਂ ਗੱਲਾਂ, ਤੇਰੀਆਂ ਗੱਲਾਂ ।

ਲੋਕਾਂ ਤੇਰੇ ਮੇਰੇ ਬਾਰੇ,
ਥਾਂ ਪੁਰ ਥਾਂ ਖਿਲੇਰੀਆਂ ਗੱਲਾਂ ।

ਆਪਾਂ ਨੇ ਕੀ ਲੈਣਾਂ ਯਾਰਾ,
ਲੋਕੀਂ ਕਰਨ ਬਥੇਰੀਆਂ ਗੱਲਾਂ ।

ਅਫਵਾਹਾਂ ਦੇ ਮੋਢੇ, ਚੜ ਕੇ,
ਚੱਲਣ ਜਿਵੇਂ ਹਨੇਰੀਆਂ ਗੱਲਾਂ ।

ਮੁੱਕਣ ਨਾਂ ਇਹ, ਜਿੰਦ ਮੁਕ ਜਾਵੇ,
ਛੋਟੀਆਂ ਲਗਣ ਲਮੇਰੀਆਂ ਗੱਲਾਂ ।

ਦਰਦ ਦਿਲੇ ਦਾ ਘਟਦੈ 'ਰਾਹੀ',
ਜਦ ਵੀ ਸੁਣਾਂ ਮੈਂ ਤੇਰੀਆਂ ਗੱਲਾਂ ।

✥

ਹੋਰ ਭਲਾ ਕੀ, ਉਸਨੂੰ ਬੋਲਾਂ ।
ਚੰਗੀਆਂ ਨਹੀਉਂ, ਪਿਆਰ ਕਲੋਲਾਂ ।

ਝੂਠੇ ਸੱਚੇ, ਕਰੇ ਉਹ ਵਾਅਦੇ,
ਉਸਨੂੰ ਕਿਹੜੀ ਤਕੜੀ, ਤੋਲਾਂ ?

ਹੁੰਦਾ ਵੇਖ ਕੇ ਅੱਖਾਂ ਮੂਹਰੇ,
ਕਿੰਨਾ ਕੁ ਚਿਰ ਮੂੰਹ ਨਾ ਖੋਲਾਂ ?

ਉਸਦੀਆਂ ਯਾਰ ਅਦਾਵਾਂ ਤਕ ਕੇ,
ਕਦ ਤਕ ਸੰਭਲਾਂ, ਤੇ ਨਾ ਡੋਲਾਂ ?

ਮੇਰੀ ਜਾਨ ਨੂੰ ਬਣ ਜਾਂਦੀ ਪਰ,
ਉਸਦੀਆਂ ਨੇ ਪਿਆਰ – ਕਲੋਲਾਂ ।

ਰੋਵਾਂ, ਤੜਪਾਂ, ਯਾਦ 'ਚ ਉਹਦੀ,
ਏਦਾਂ ਦਾਗ ਦਿਲੇ ਦੇ ਧੋ ਲਾਂ ।

ਉਹ ਜੇ ਸ਼ਮ੍ਹਾਂ ਤਾਂ ਮੈਂ ਪਰਵਾਨਾ,
ਸੜ ਜਾਵਾਂ ਪਰ ਉਸਨੂੰ ਛੋ ਲਾਂ ।

ਜੀ ਕਰਦਾ ਹੈ ਮੇਰਾ 'ਰਾਹੀ'
ਉਸਦੀਆਂ, ਉਸ ਦੇ ਅੱਗੇ ਫੋਲਾਂ ,

ਜ਼ੁਲਫਾਂ ਦੇ ਇਹ ਕਾਲੇ ਨਾਗ ।
ਦੱਸੋ ਕਿਸ ਲਈ ਪਾਲੇ ਨਾਗ ?

ਗਰਦਨ ਨੂੰ ਝਟਕਾ ਕੇ ਉਸ,
ਸਾਡੇ ਵਲ ਉਛਾਲੇ ਨਾਗ ।

ਝੂਲਣ ਮਸਤ ਹਵਾ ਦੇ ਨਾਲ,
ਮੋਢਿਆਂ ਮਸਾਂ ਸੰਭਾਲੇ ਨਾਗ ।

ਅੱਖਾਂ ਤੇ ਗੱਲ੍ਹਾਂ ਨੂੰ ਚੁੰਮਕੇ,
ਹੋ ਜਾਂਦੇ ਮਤਵਾਲੇ ਨਾਗ ।

ਸਾਡੀ ਛਾਤੀ ਉੱਤੇ ਲੋਟਣ,
ਬੱਲ ਖਾਂਦੇ, ਘੁੰਘਰਾਲੇ ਨਾਗ ।

ਕਿਸਦੀ ਅਲਖ ਮੁਕਾਉਣ ਲਈ ਪਾਲੇ,
ਫ਼ਨੀਅਰ ਭੋਲੇ-ਭਾਲੇ ਨਾਗ ?

ਨਾਗ ਤੇ ਆਖ਼ਰ ਨਾਗ ਨੇ 'ਰਾਹੀ',
ਚਿੱਟੇ, ਭਾਵੇਂ ਕਾਲੇ ਨਾਗ ।

ਦੁਖ ਡਾਢਾ ਏ, ਸਖਣੀ ਕੁੱਖ ਦਾ ।
ਹਰ ਵੇਲੇ ਜੋ, ਰਹਿੰਦਾ ਧੁੱਖਦਾ ।

ਮਨ ਦੀ ਭੁਖ, ਮਿਟਾਇਆਂ ਮਿਟ ਜਏ,
ਕੀ ਕਰੀਏ ਪਰ ਤਨ ਦੀ ਭੁਖ ਦਾ ।

ਰੁਖ ਮੋਸਮ ਦਾ, ਮੋੜ ਹੈ ਸਕਦਾ,
ਪੱਤਾ-ਪੱਤਾ ਹਰ ਇਕ ਰੁਖ ਦਾ ।

ਸਾਰੀ ਉਮਰੇ ਹਵਸ਼ ਦਾ ਕੀੜਾ,
ਲੈਣ ਨਾ ਦੇਵੇ, ਸਾਹ ਇੱਕ ਸੁਖ ਦਾ ।

ਅਜਕਲ ਤਾਂ ਮੌਸਮ ਦੇ ਵਾਂਗ,
ਹਰ ਪਲ ਬਦਲੇ ਸੁਭਾਅ ਮਨੁਖ ਦਾ ।

ਜੱਗ ਜਨਨੀ ਦਾ ਜੱਗ ਹੈ ਵੈਰੀ,
ਵੱਡਾ ਦੁਖ ਹੈ ਧੀ ਨੂੰ ਕੁੱਖ ਦਾ ।

ਲੱਖ ਸਫਾਈਆਂ ਦੇ ਤੂੰ 'ਰਾਹੀ',
ਝੂਠ ਨਾ ਬੋਲੇ, ਦਰਪਣ ਮੁੱਖ ਦਾ ।

ਅੰਨ੍ਹੀ ਪੀਹਵੇ ਕੁੱਤੇ ਚੱਟਣ ਸਦੀਆਂ ਤੋਂ ।
ਮੁਫਲਸ ਜੀਵਨ, ਰੋ-ਰੋ ਕੱਟਣ ਸਦੀਆਂ ਤੋਂ ।

ਵਾਂਗ ਭੀਖ ਦੇ, ਕਾਮੇ ਅਪਣੀ ਉਜਰਤ ਲਈ,
ਜਰਦਾਰਾਂ ਦਰ ਚੱਕਰ ਕੱਟਣ ਸਦੀਆਂ ਤੋਂ ।

ਬੇਗੈਰਤ, ਬੇ-ਈਮਾਨ ਕਦੇ ਨਾ ਮਿੱਤ ਬਣਦੇ,
ਵਕਤ ਪੈਣ ਤੇ ਪਾਸਾ ਵੱਟਣ ਸਦੀਆਂ ਤੋਂ ।

ਜਿਹਨਾਂ ਪੱਲੇ ਦਮ ਨਹੀਂ ਉਹ ਬੰਦੇ ਅਕਸਰ,
ਅਪਣਾ ਥੁਕਿਆ ਆਪ ਹੀ ਚੱਟਣ ਸਦੀਆਂ ਤੋਂ ।

ਵਿਹਲ ਨਹੀਂ ਹੈ ਕਿਸੇ ਨੂੰ ਇਹ ਗੱਲ ਸੋਚਣ ਦੀ,
ਕਿਉਂ ਮਜਦੂਰਾਂ ਹੱਥੀ ਰੱਟਣ ਸਦੀਆਂ ਤੋਂ ?

ਕੰਮ ਅਕਲੇ ਕੰਨਾ ਦੇ ਕੱਚੇ ਲੱਗ ਪਿੱਛੇ,
ਆਪ ਆਪਣੇ ਘਰ ਨੂੰ ਪੱਟਣ ਸਦੀਆਂ ਤੋਂ ।

ਨੱਕ-ਚੱੜ੍ਹੇ ਤੇ ਗੁੱਸੇ ਖੋਰ, ਨੇ ਰਾਹ ਜਾਂਦੇ,
ਖੁਦ ਹੀ ਰੋਜ ਲੜਾਈ ਖੱਟਣ ਸਦੀਆਂ ਤੋਂ ।

ਬੇ ਬੁਨਿਆਦ ਬੇਮਤਲਬ ਜਰਾ ਨੇ, ਸਾਡੇ ਉੱਤੇ ਤੋਹਮਤਾਂ ਲਾਈਆਂ,
ਹਾਸੇ ਠੱਠੇ ਮਿਲੇ ਉਨ੍ਹਾਂ ਨੂੰ, ਸਾਡੇ ਹਿੱਸੇ ਪੀੜਾਂ ਆਈਆਂ।

ਦੁਨੀਆਦਾਰੀ ਛੱਡ ਛਡਾਕੇ, ਦਿਲ ਦੇ ਆਖੇ ਜਦ ਵੀ ਲੱਗੇ,
ਜਗ-ਹਸਾਈ ਅਸਾਂ ਕਰਾਈ, ਜੋਗੀ ਦੇ ਸੰਗ ਅੱਖੀਆਂ ਲਾਈਆਂ।

ਪੂਜਾ ਕਰਦੇ ਚੜਦੇ ਦੀ ਸਭ, ਡੁੱਬਦੇ ਨੂੰ ਕੌਣ ਅਰਘ ਚੜਾਵੇ,
ਸੱਚ ਹੈ ਨੇਰੇ ਦੇ ਵਿਚ ਯਾਰੋ, ਸਾਥ ਛੱਡ ਜਾਵਣ ਪਰਛਾਈਆਂ।

ਅੱਜ ਹੱਥੀਂ ਜੋ ਛਾਵਾਂ ਕਰਦੇ, ਸਾਥ ਮਰਨ ਦੀਆਂ ਕਸਮਾਂ ਖਾਂਦੇ,
ਵਕਤ ਪੈਣ ਤੇ ਵੇਖਿਆ ਆਪਾਂ, ਛੱਡਿਆ ਸਾਥ ਹੈ ਭੈਣਾ ਭਾਈਆਂ।

ਉਸਦੀ ਰਜ਼ਾਜੇ ਹੋਵੇ ਯਾਰੋ, ਸਵਾਹ ਦੀ ਪੁੜੀ ਵੀ ਲੱਗ ਜਾਂਦੀ ਹੈ,
ਉਸਦੀ ਰਜਾ ਜੇ ਨਾ ਹੋਵੇ ਤਾਂ, ਬੇਮਤਲਬ ਨੇ ਵੈਦ - ਦਵਾਈਆਂ।

ਅਪਣਾ ਮੇਰਾਕੁਝ ਨਹੀਂ 'ਰਾਹੀ' ਜਿੰਦੜੀ ਤੇਰੇ ਲੇਖੇ ਲਾਈ,
ਇੱਥੇ - ਉੱਥੇ ਸਭ ਥਾਂ ਤੂੰ ਏਂ, ਬਖਸ਼ ਲਈਂ ਐ ਸਿਰ ਦੇ ਸਾਈਆਂ।

ਦਿਲ ਨੂੰ ਦਿਲ ਥੀਂ ਲਾਈ ਰਖਿਆ।
ਭਰਮਾਂ ਵਿਚ ਭਰਮਾਈ ਰਖਿਆ।

ਜਿਕਰ ਮੇਰੇ ਤੇ ਮੇਰੇ ਯਾਰਾਂ,
ਮੇਰਾ ਨਾਮ, ਸ਼ੁਦਾਈ ਰਖਿਆ।

ਦੁਨੀਆਂ ਆਖੇ ਜਿਸਨੂੰ ਦਾਰੂ,
ਆਪਾਂ ਨਾਮ, ਦਵਾਈ ਰਖਿਆ।

ਉਜਰਤ ਨਾਲ ਕੀ ਬਣਦਾ ਅਜਕਲ,
ਰਿਸ਼ਵਤ ਨਾਮ ਕਮਾਈ ਰਖਿਆ।

ਖੂਨ ਦੇ ਹੰਝੂ ਪੀ ਕੇ ਯਾਰੋ,
ਆਪਾਂ ਜੱਗ ਹਸਾਈ ਰਖਿਆ।

ਕਰਨਾ ਕੀ ਹੈ ਨੌਕਰ ਚਾਕਰ,
ਆਪਾਂ ਘਰ ਜਵਾਈ ਰਖਿਆ।

ਚੰਗੇ ਦਿਨ ਦੀ ਆਸ 'ਚ 'ਰਾਹੀ',
ਗੁੱਸਾ ਗਿਲਾ ਦਬਾਈ ਰਖਿਆ।

❖

ਲੋਗ ਬਗਾਨੇ ਦੇਸ਼ ਪਰਾਇਆ।
ਅਪਣਾ ਵੀ ਨਾ ਅਪਣਾ ਸਾਇਆ।

ਮਾਂ ਬੋਲੀ, ਜਦ ਬੋਲੇ ਕੋਈ,
ਲਗਦਾ ਅਪਣਾ, ਅੰਮੜੀ ਜਾਇਆ।

ਪਾਣੀ ਨਾਲੋਂ, ਖ਼ੂਨ ਹੈ ਪਤਲਾ,
ਤੂੰ ਅਜਮਾ ਲੈ, ਮੈਂ ਅਜਮਾਇਆ।

ਪਲ-ਪਲ ਰੂਪ ਬਦਲਦੀ ਵੇਖੀ,
ਮਰਦ ਦੀ ਮਾਇਆ, ਬਿਰਖ ਦੀ ਛਾਇਆ।

ਪਿਆਰ ਦਾ ਪਹਿਲਾ ਹੰਝ ਸਮਝ ਕੇ,
ਪਲਕਾਂ ਵਿਚ ਨਾ ਕਿਸੇ ਛੁਪਾਇਆ।

ਤੂੰ ਕੀ ਜਾਣੇ, ਇਸ਼ਕ ਤੇਰੇ ਨੇ,
ਮੈਨੂੰ ਕੀ ਕੀ ਨਾਚ ਨਚਾਇਆ।

ਬੇਮਤਲਬ ਹੈ ਫਿਰ ਵੀ ਪਿਆਰੀ,
ਸੂਮ ਨੂੰ ਮਾਇਆ, ਕੋਹੜੀ ਨੂੰ ਕਾਇਆ।

ਤੈਨੂੰ ਮਿਲਣੇ ਦੀ ਲੋਚਾ ਨੇ,
ਦਿਲ ਨੂੰ ਥਾਂ ਥਾਂ ਹੈ ਭਟਕਾਇਆ।

ਸੌ ਸੌ ਸੁੱਖ ਨੇ ਸੁੱਖੇ ਤਾਂ ਵੀ,
ਦਿਲ ਦਾ ਸੁੱਖ, ਨਾ 'ਰਾਹੀ' ਪਾਇਆ।

ਇਹ ਵਾਅਦਾ ਸਾਥੋਂ ਵਫ਼ਾ ਨਹੀਂ ਹੋਣਾ,
ਇਹ ਤੂੰ ਵੀ ਜਾਣਦਾ ਏਂ ਇਹ ਮੈਂ ਵੀ ਜਾਣਦਾ ਹਾਂ।
ਤੇ ਹੱਕ ਇਸ਼ਕ ਦਾ ਅਦਾ ਨਹੀਂ ਹੋਣਾ,
ਇਹ ਤੂੰ ਵੀ ਜਾਣਦਾ ਏਂ ਇਹ ਮੈ ਵੀ ਜਾਣਦਾ ਹਾਂ।

ਭੁੱਲ ਭੁਲੇਖੇ ਭੁੱਲ ਜਾਵਾਂ ਸ਼ਾਇਦ ਮੈਂ ਤੈਨੂੰ ਮਗਰ,
ਇਹ ਹੋ ਨਹੀਂ ਸਕਦਾ ਕਦੇ ਵੀ,
ਜਾਣ ਬੁੱਝ ਕੇ ਸਾਥੋਂ ਦਗਾ ਨਹੀਂ ਹੋਣਾ,
ਇਹ ਤੂੰ ਵੀ ਜਾਣਦਾ ਏਂ ਇਹ ਮੈਂ ਵੀ ਜਾਣਦਾ ਹਾਂ।

ਦਰਦ ਨੂੰ ਦਬਾਕੇ ਕਰਕੇ ਦਿਲ ਦੀ ਦਿਲਜੋਈ,
ਖੁਦ ਨੂੰ ਹੀ ਠਗਾਂਗੇ, ਮਗਰ ਇਹ ਸੱਚ ਹੈ,
ਦਰਦ ਇਹ ਦਿਲ ਦੀ ਦਵਾ ਨਹੀਂ ਹੋਣਾ,
ਇਹ ਤੂੰ ਵੀ ਜਾਣਦਾ ਏਂ ਇਹ ਮੈਂ ਵੀ ਜਾਣਦਾ ਹਾਂ।

ਖ਼ੂਨ ਭਾਵੇਂ ਹੁੰਦਾ ਹੈ ਪਾਣੀ ਤੋਂ ਗਾੜ੍ਹਾ,
ਟੁੱਟ ਜਾਣ ਰਿਸ਼ਤੇ ਦਿਲਾਂ ਦੇ, ਫੇਰ ਵੀ,
ਮਾਸ ਨਹੁੰਆਂ ਨਾਲੋ ਜੁਦਾ ਨਹੀਂ ਹੋਣਾ,
ਇਹ ਤੂੰ ਵੀ ਜਾਣਦਾ ਏਂ ਇਹ ਮੈਂ ਵੀ ਜਾਣਦਾ ਹਾਂ।

ਪਿਆਰ ਦੀ ਦੁਸ਼ਮਣ ਇਹ ਦੁਨੀਆਂ ਸਦਾ ਤੋਂ,
ਮਗਰ ਇਸ ਦੀ ਨਫਰਤ ਦੀ 'ਨੇਰੀ ਤੋਂ ਯਾਰ,
ਮੁਹੱਬਤ ਦਾ ਸ਼ੋਅਲਾ ਬੁਝਾ ਨਹੀਂ ਹੋਣਾ,
ਇਹ ਤੂੰ ਵੀ ਜਾਣਦਾ ਏਂ, ਇਹ ਮੈਂ ਵੀ ਜਾਣਦਾ ਹਾਂ।

ਮੈਂ ਧਰਤੀ ਦਾ ਵਾਸੀ ਤੂੰ ਅੰਬਰਾਂ ਦੀ ਰਾਣੀ,
ਫਰਕ ਇੰਨਾ ਕਿ ਚਾਹਕੇ ਵੀ ਦਿਲਬਰ ਮਿਰੇ,
ਫਰਕ ਇਹ ਸਾਥੋਂ ਮਿਟਾ ਨਹੀਂ ਹੋਣਾ,
ਇਹ ਤੂੰ ਵੀ ਜਾਣਦਾ ਏਂ ਇਹ ਮੈਂ ਵੀ ਜਾਣਦਾ ਹਾਂ।

ਬਦਲ ਗਿਆ ਏ ਅਹੁ ਦੌਰੇ ਸ਼ਹਿਨਸ਼ਾਹੀ,
ਸੱਚ ਹੈ ਇਸ ਦੌਰ ਚ ਐ 'ਰਾਹੀ',
ਹੱਕ ਹੁਣ ਕਿਸੇ ਦਾ ਦਬਾ ਨਹੀਂ ਹੋਣਾ,
ਇਹ ਤੂੰ ਵੀ ਜਾਣਦਾ ਏਂ ਇਹ ਮੈਂ ਵੀ ਜਾਣਦਾ ਹਾਂ।

ਲੈਣਦਾਰ ਅੱਜ, ਭੁੱਖਾ ਮਰਦਾ।
ਦੇਣਦਾਰ ਰਜ ਐਸ਼ਾਂ ਕਰਦਾ।

ਰਹਿਬਰ ਮੇਰਾ ਖਵਰੇ ਕਿੱਦਾਂ,
ਰਸਤਾ ਭੁਲਿਆ, ਅਪਣੇ ਘਰ ਦਾ।

ਸਿਦਕ ਵਿਹੂਣਾ ਹੁਸਨ ਤਾਂ ਯਾਰੋ,
ਕੱਚੇ ਕੀ, ਪੱਕੇ ਨਹੀਂ ਤਰਦਾ।

ਹੁੰਦਾ ਆਇਆ ਇਹ ਸਦੀਆਂ ਤੋਂ,
ਸਬਰ, ਜਬਰ ਦਾ ਪਾਣੀ ਭਰਦਾ।

ਸਾਰਨ ਸਭ ਲੈ-ਦੇ ਕੇ 'ਰਾਹੀ',
ਤੂੰ ਵੀ ਸਾਰ ਲੈ ਜਿੱਦਾਂ ਸਰਦਾ।

ਜਿਤ ਕੇ ਬਾਜੀ ਹਾਰੀ ਜਾਵੇ।
ਦਿਲਬਰ ਤੋਂ ਦਿਲ ਵਾਰੀ ਜਾਵੇ।

ਮਈਅਤ ਮੇਰੀ ਇੰਜ ਸਜਾਵੋ,
ਦੁਲਹਨ ਜਿਉਂ ਸ਼ਿੰਗਾਰੀ ਜਾਵੇ।

ਝੂਠ ਸਹਾਰੇ, ਹਰ ਯੁਗ ਅੰਦਰ,
ਮਨਸੂਰ ਦੀ ਖੱਲ ਉਤਾਰੀ ਜਾਵੇ।

ਧਰਮ, ਈਮਾਨ ਤੇ ਮਿਹਨਤ ਸਦਕਾ,
ਕਿਸਮਤ ਆਪ ਸੰਵਾਰੀ ਜਾਵੇ।

ਮਹਿਕਾਂ ਵੰਡੇ, ਕੋਲੋਂ ਲੰਘੇ,
ਜਿਉਂ ਫੁੱਲਾਂ ਦੀ ਖਾਰੀ ਜਾਵੇ।

ਦਿਲ ਜਾਵੇ ਤਾਂ ਜਾਵੇ 'ਰਾਹੀ',
ਯਾਰ ਨਾਲ ਨਾ ਯਾਰੀ ਜਾਵੇ।

ਧਰਮ ਵਿਚ ਤਕਰਾਰ ਠੀਕ ਨਹੀਂ।
ਗਿਆਨ ਦਾ ਹੰਕਾਰ ਠੀਕ ਨਹੀਂ।

ਦੁਨੀਆਂ ਘਰ ਦੁੱਖਾਂ ਦਾ ਮੰਨਿਆ,
ਛਡਣਾ ਪਰ ਘਰ-ਬਾਰ ਠੀਕ ਨਹੀਂ।

ਕਿਸੇ ਹਾਲ ਵਿਚ ਵੀ ਯਾਰੋ,
ਮੂਰਖ ਦਾ ਸਤਿਕਾਰ, ਠੀਕ ਨਹੀਂ।

ਝਗੜੇ ਪਿੱਛੋਂ ਸੁਲਾਹ ਚੰਗੇਰੀ,
ਹਰ ਪਲ ਦਾ ਤਕਰਾਰ ਠੀਕ ਨਹੀਂ।

ਖਵਰੇ ਕਦ ਕਰ ਦਏ ਉਹ ਵਾਰ,
ਦੁਸ਼ਮਨ ਦਾ ਇਤਬਾਰ ਠੀਕ ਨਹੀਂ।

ਉਸਤਤ ਹੁੰਦੀ ਠੀਕ ਜੇ ਹੋਵੇ,
ਵਾਧੂ ਦਾ ਪਰਚਾਰ ਠੀਕ ਨਹੀਂ।

ਇਨਸਾਨਾਂ ਦੇ ਦਿਲ 'ਚ 'ਰਾਹੀ',
ਮਜਹਬ ਬਣੇ ਦੀਵਾਰ, ਠੀਕ ਨਹੀਂ।

ਦਿਲ ਵਿਚ ਹੋਰ, ਜ਼ੁਬਾਂ ਤੇ ਹੋਰ।
ਬਾਹਰੋਂ ਸਾਧ ਤੇ ਅੰਦਰੋਂ ਚੋਰ।

ਮੁਸ਼ਕਲ ਹੈ ਕਾਬੂ ਵਿਚ ਆਉਣਾਂ,
ਘਰ ਦਾ ਚੋਰ ਤੇ ਵਣ ਦਾ ਮੋਰ।

ਰਿਸ਼ਵਤ ਦੇ ਕੇ ਛੁੱਟ ਜਾਂਦਾ ਹੈ,
ਅਜ ਕਲ ਯਾਰੋ ਰਿਸ਼ਵਤ ਖੋਰ।

ਫਕਰਾਂ ਦਾ ਕੀ ਠੋਰ-ਠਿਕਾਣਾ ?
ਉਠ ਤੁਰਦੇ ਜਦ ਆਂਦੀ ਲੋਰ।

ਬਾਹਰ ਹੈ ਮੇਰੇ ਸੰਨਾਟਾ,
ਦਿਲ ਵਿਚ ਜਜ਼ਬਾਤਾਂ ਦਾ ਸ਼ੋਰ।

ਓਸ ਹੱਥ ਹੋਣੀ-ਅਣਹੋਣੀ,
ਲਿਖਤਾਂ ਉੱਤੇ ਕਿਸਦਾ ਜੋਰ ?

ਆਖ਼ਰ ਲੁਟ ਕੇ ਤੁਰ ਪੈਂਦਾ ਉਹ,
ਜਿਸ ਹੱਥ ਦਿੱਤੀ ਹੁੰਦੀ ਡੋਰ।

ਦਿਲ ਦੇ ਮਾਮਲੇ ਵਿਚ ਐ 'ਰਾਹੀ',
ਬੰਦਾ ਹੈ ਸਭ ਤੋਂ ਕਮਜ਼ੋਰ ।